11

# ਜਦ ਸ਼ੈਤਾਨ ਮੁਸ਼ਕਲ ਵਿਚ ਪਾ ਦਵੇਂ

## (4:1-7)

ਧਰਤੀ ਤੇ ਸ਼ੈਤਾਨ ਜਿਊਂਦਾ ਹੈ ਅਤੇ ਭਲਾ ਚੰਗਾ ਹੈ।[1] ''ਤੁਹਾਡਾ ਵਿਰੋਧੀ ਸ਼ੈਤਾਨ ਬੁੱਕਦੇ ਸ਼ੀਂਹ ਵਾਂਙੁ ਭਾਲਦਾ ਫਿਰਦਾ ਹੈ ਭਈ ਕਿਹਨੂੰ ਪਾੜ ਖਾਵਾਂ'' (1 ਪਤਰਸ 5:8)!

ਪ੍ਰਕਾਸ਼ ਦੀ ਪੋਥੀ 12 ਅਧਿਆਇ ਵਿਚ ਸ਼ੈਤਾਨ ਅਤੇ ਉਹਦੇ ਮਕਸਦਾਂ ਨੂੰ ਵਿਖਾਇਆ ਗਿਆ ਹੈ। ਅਧਿਆਇ ਦੇ ਸ਼ੁਰੂ ਵਿਚ ਇਕ ਗਰਭਵਤੀ ਔਰਤ ਅਤੇ ਵੱਡੇ ਲਾਲ ਅਜਗਰ ਦਾ ਦ੍ਰਿਸ਼ ਵਿਖਾਇਆ ਗਿਆ ਹੈ। ਉਹ ਅਜਗਰ ਇਸ ਉਮੀਦ ਵਿਚ ਜੱਚਾ ਦੇ ਸਾਹਮਣੇ ਸੀ ਕਿ ਕਦ ਉਹ ਬੱਚੇ ਨੂੰ ਜਨਮ ਦੇਵੇ ਅਤੇ ਉਹ ਉਸ ਨੂੰ ਨਿਗਲ ਜਾਵੇ। ਆਇਤ 9 ਵਿਚ ਦੱਸਿਆ ਗਿਆ ਹੈ ਕਿ ਉਹ ਅਜਗਰ ਸ਼ੈਤਾਨ ਹੀ ਹੈ ਅਤੇ ਉਹ ਬੱਚਾ ਮਸੀਹ ਹੈ।[2] ਦੂਜੇ ਸ਼ਬਦਾਂ ਵਿਚ ਸ਼ੈਤਾਨ ਦਾ ਮਕਸਦ ਯਿਸੂ ਨੂੰ ਉਹਦੇ ਜਨਮ ਦੇ ਸਮੇਂ ਤੋਂ ਹੀ ਨਾਸ਼ ਕਰਨਾ ਸੀ। ਇੰਜੀਲ ਦੇ ਵਿਰਤਾਂਤ ਸਾਨੂੰ ਹੈਰੋਦੇਸ ਵੱਲੋਂ ਛੋਟੇ ਬੱਚਿਆਂ ਨੂੰ ਮਰਵਾਉਣ ਤੇ ਸਲੀਬ ਤਕ ਸ਼ੈਤਾਨ ਦੀਆਂ ਇਨ੍ਹਾਂ ਜ਼ਾਲਿਮਾਨਾ ਕੋਸ਼ਿਸ਼ਾਂ ਬਾਰੇ ਦੱਸਦੇ ਹਨ। ਭਾਵੇਂ ਸ਼ੈਤਾਨ ਯਿਸੂ ਨੂੰ ਨਾਸ਼ ਕਰਨ ਵਿਚ ਨਾਕਾਮ ਰਿਹਾ। ਪ੍ਰਕਾਸ਼ ਦੀ ਪੋਥੀ 12:5 ਵਿਚ ਸਾਨੂੰ ਦੱਸਿਆ ਗਿਆ ਹੈ ਕਿ ਉਹ ਬੱਚਾ ''ਪ੍ਰਮੇਸ਼ਵਰ ਕੋਲ ਅਤੇ ਉਸ ਦੇ ਸਿੰਘਾਸਣ ਕੋਲ ਉਠਾਇਆ ਗਿਆ'' ਜੋ ਸਵਰਗ ਤੇ ਉਠਾਏ ਜਾਣ ਦੀ ਹੀ ਗੱਲ ਹੈ। ਅਜਗਰ ਨੇ ਉਸ ਬੱਚੇ ਦਾ ਪਿੱਛਾ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹਨੂੰ ਹੀ ਧਰਤੀ ਤੇ ਹੇਠਾਂ ਸੁੱਟ ਦਿੱਤਾ ਗਿਆ। ਉਸ ਨੇ ਆਪਣਾ ਗੁੱਸਾ ਔਰਤ ਤੇ ਉਤਾਰਨਾ ਚਾਹਿਆ ਪਰ ਖ਼ੁਦਾ ਨੇ ਉਸ ਔਰਤ ਦੀ ਰਾਖੀ ਕੀਤੀ। ਇਸ ਤਰ੍ਹਾਂ ''ਅਜਗਰ ਨੂੰ ਇਸਤਰੀ ਉੱਤੇ ਕ੍ਰੋਧ ਆਇਆ ਅਤੇ ਉਹ ਦੇ ਵੰਸ ਵਿੱਚੋਂ ਜਿਹੜੇ ਰਹਿੰਦੇ ਅਤੇ ਜਿਹੜੇ ਪ੍ਰਮੇਸ਼ਵਰ ਦੀਆਂ ਆਗਿਅਵਾਂ ਦੀ ਪਾਲਣਾ ਕਰਦੇ ਅਤੇ ਯਿਸੂ ਦੀ ਸਾਖੀ ਭਰਦੇ ਹਨ ਉਨ੍ਹਾਂ ਨਾਲ ਜੁੱਧ ਕਰਨ ਨੂੰ ਚਲਿਆ ਗਿਆ'' (ਪਰਕਾਸ਼ ਦੀ ਪੋਥੀ 12:17)। ''ਪ੍ਰਮੇਸ਼ਵਰ ਦੀਆਂ ਆਗਿਆਵਾਂ ਦੀ ਪਾਲਣਾ ਕਰਨ ਅਤੇ ਯਿਸੂ ਦੀ ਸਾਖੀ ਭਰਨ'' ਵਾਲੇ *ਮਸੀਹੀ ਲੋਕ* ਹੀ ਤਾਂ ਹਨ। ਕਿਉਂਕਿ ਸ਼ੈਤਾਨ ਯਿਸੂ ਨੂੰ ਖ਼ਤਮ ਨਹੀਂ ਕਰ ਸਕਿਆ, ਹੁਣ ਉਹ ਕਿਸੇ ਵੀ ਕੀਮਤ ਤੇ *ਮੇਰਾ ਅਤੇ ਤੁਹਾਡਾ* ਨਾਸ ਕਰਨਾ ਚਾਹੁੰਦਾ ਹੈ!

ਇਹ ਪਾਠ ਸਾਨੂੰ ਕਲੀਸੀਆ ਦਾ ਨਾਸ[3] ਕਰਨ ਦੀਆਂ ਸ਼ੈਤਾਨ ਦੀਆਂ ਕੋਸ਼ਿਸ਼ਾਂ ਦੇ ਸ਼ੁਰੂ ਬਾਰੇ ਦੱਸਦਾ ਹੈ। ਮੁੱਢਲੀ ਕਲੀਸੀਆ ਵਿਚ ਸ਼ਾਂਤੀ ਅਤੇ ਸਥਿਰਤਾ ਸੀ, ਪਰ ਇਹ ਤਾਂ ''ਤੂਫ਼ਾਨ ਤੋਂ ਪਹਿਲਾਂ ਦੀ ਖਾਮੋਸ਼ੀ'' ਸੀ। ਸ਼ੈਤਾਨ ਕਦੇ ਵੀ ਖ਼ੁਦਾ ਦੇ ਲੋਕਾਂ ਨੂੰ ਜ਼ਿਆਦਾ ਦੇਰ ਲਈ

ਇੱਕਲਾ ਨਹੀਂ ਛੱਡਦਾ।

ਪਿਛਲੇ ਪਾਠ ਵਿਚ, ਅਸੀਂ ਰਸੂਲਾਂ ਦੇ ਕੰਮ 3 ਅਧਿਆਇ ਦਾ ਅਧਿਐਨ ਕੀਤਾ ਸੀ। ਪਤਰਸ ਅਤੇ ਯੂਹੰਨਾ ਨੇ ਹੈਕਲ ਵਿਚ ਇਕ ਲੰਗੜੇ ਆਦਮੀ ਨੂੰ ਚੰਗਾ ਕੀਤਾ ਸੀ। ਉਤੇਜਿਤ ਭੀੜ ਦੇ ਉੱਥੇ ਜਮ੍ਹਾ ਹੋਣ ਤੇ ਪਤਰਸ ਨੇ ਉਨ੍ਹਾਂ ਨੂੰ ਖੁਸ਼ਖ਼ਬਰੀ ਦਾ ਸੰਦੇਸ਼ ਸੁਣਾਇਆ ਸੀ। ਅਚਾਨਕ ਹੀ, ਉਹਦੇ ਸੰਦੇਸ਼ ਨੂੰ ਵਿੱਚੇ ਰੋਕ ਦਿੱਤਾ ਗਿਆ, ਅਤੇ ਮਸੀਹੀ ਲੋਕਾਂ ਤੇ ਜ਼ੁਲਮ ਸ਼ੁਰੂ ਹੋ ਗਿਆ। ਇਸ ਪਾਠ ਅਤੇ ਅਗਲੇ ਦੋ ਪਾਠਾਂ ਵਿਚ, ਅਸੀਂ ਇਨ੍ਹਾਂ ਰਸੂਲਾਂ ਦੀ ਪ੍ਰਤੀਕ੍ਰਿਆ ਜਾਣਨਾ ਚਾਹੁੰਦੇ ਹਾਂ, ਸੋ ਅਸੀਂ ਵੇਖਾਂਗੇ ਕਿ ''ਜਦ ਸ਼ੈਤਾਨ ਸਾਨੂੰ ਮੁਸ਼ਕਲ ਵਿਚ ਪਾ ਦੇਵੇ'' *ਸਾਡੀ* ਕੀ ਪ੍ਰਤੀਕ੍ਰਿਆ ਹੋਣੀ ਚਾਹੀਦੀ ਹੈ।

## ਹੈਰਾਨ ਨਾ ਹੋਵੋ (4:1–3)

ਪੌਲੁਸ ਨੇ ਕਿਹਾ ਹੈ ਕਿ ''ਸੱਭੇ ਜਿੰਨੇ ਮਸੀਹ ਯਿਸੂ ਵਿਚ ਭਗਤੀ ਨਾਲ ਉਮਰ ਕੱਟਣੀ ਚਾਹੁੰਦੇ ਹਨ ਸੋ ਸਤਾਏ ਜਾਣਗੇ'' (2 ਤਿਮੋਥਿਉਸ 3:12)। ਪਤਰਸ ਨੇ ਕਿਹਾ ਹੈ, ''ਹੇ ਪਿਆਰਿਓ, ਜਿਹੜੀ ਬਿਪਤਾ ਦਾ ਲਾਂਬੂ ਤੁਹਾਨੂੰ ਪਰਖਣ ਲਈ ਤੁਹਾਡੇ ਉੱਤੇ ਪਿਆ ਹੋਇਆ ਹੈ ਉਹ ਨੂੰ ਅਚਰਜ ਨਾ ਮੰਨੋ ਭਈ ਜਿੱਕੁਰ ਤੁਹਾਡੇ ਨਾਲ ਕੋਈ ਅਣੋਖੀ ਗੱਲ ਪਈ ਬੀਤਦੀ ਹੈ'' (1 ਪਤਰਸ 4:12)। ਜਦ ਮੁਸ਼ਕਲ ਆ ਪਵੇ ਤਾਂ ਇਸ ਵਿਚ ਹੈਰਾਨੀ ਵਾਲੀ ਕੋਈ ਗੱਲ ਨਹੀਂ ਹੈ।

ਯਿਸੂ ਨੇ ਆਪਣੇ ਚੇਲਿਆਂ ਨੂੰ ਚਿਤਾਵਨੀ ਦਿੱਤੀ ਸੀ, ''ਲੋਕ ਤੁਹਾਡੇ ਉੱਤੇ ਹੱਥ ਪਾਉਣਗੇ[4] ਅਤੇ ਤੁਹਾਨੂੰ ਸਤਾਉਣਗੇ ਅਰ ਸਮਾਜਾਂ ਅਤੇ ਕੈਦਖ਼ਾਨਿਆਂ ਵਿਚ ਫੜਵਾ ਦੇਣਗੇ ... ਅਤੇ ਮੇਰੇ ਨਾਮ ਕਰਕੇ ਸਭ ਲੋਕ ਤੁਹਾਡੇ ਨਾਲ ਵੈਰ ਰੱਖਣਗੇ'' (ਲੂਕਾ 21:12, 17)।[5] ਸਵਾਲ ਇਹ ਨਹੀਂ ਸੀ ਕਿ ਤਕਲੀਫ਼ਾਂ ਆਉਣਗੀਆਂ ਸਗੋਂ ਇਹ ਸੀ ਕਿ *ਕਦੋਂ* ਆਉਣਗੀਆਂ। ਜਦ ਪਤਰਸ ਅਤੇ ਯੂਹੰਨਾ ਨੂੰ ਵਿੱਚੋਂ ਰੋਕਿਆ ਗਿਆ ਤਾਂ ਇਸ ਸਵਾਲ ਦਾ ਜਵਾਬ ਮਿਲ ਗਿਆ:

> ਜਾਂ ਉਹ ਲੋਕਾਂ ਨਾਲ ਬਚਨ ਕਰ ਰਹੇ ਸਨ ਤਾਂ ਜਾਜਕ, ਹੈਕਲ ਦਾ ਸਰਦਾਰ ਅਤੇ ਸਦੂਕੀ ਉਨ੍ਹਾਂ ਉੱਤੇ ਚੜ੍ਹ ਆਏ। ਕਿਉਂ ਜੋ ਉਹ ਇਸ ਗੱਲ ਤੋਂ ਚਿੜ ਗਏ ਭਈ ਉਹ ਲੋਕਾਂ ਨੂੰ ਸਿਖਾਉਂਦੇ ਅਤੇ ਯਿਸੂ ਦਾ ਪ੍ਰਮਾਣ ਦੇ ਕੇ ਮੋਇਆਂ 'ਚੋਂ ਜੀ ਉੱਠਣ ਦਾ ਉਪਦੇਸ਼ ਕਰਦੇ ਸਨ। ਅਤੇ ਉਨ੍ਹਾਂ ਤੇ ਹੱਥ ਪਾ ਕੇ ਦੂਏ ਦਿਨ ਤੀਕਰ ਹਵਾਲਾਤ ਵਿਚ ਰੱਖਿਆ ਕਿਉਂ ਜੋ ਹੁਣ ਸੰਝ ਪੈ ਗਈ ਸੀ (ਆਇਤਾਂ 1-3)।

ਜਿਨ੍ਹਾਂ ਨੇ ਰਸੂਲਾਂ ਨੂੰ ਗ੍ਰਿਫ਼ਤਾਰ ਕੀਤਾ ਸੀ, ਉਹ ਯਰੂਸ਼ਲਮ ਵਿਚ ਧਾਰਮਿਕ, ਰਾਜਨੀਤਕ, ਸਮਾਜਿਕ ਆਗੂ ਅਤੇ ਸ਼ਹਿਰ ਦੇ ਸ਼ਕਤੀਸ਼ਾਲੀ ਲੋਕ ਸਨ!

ਉਹੀ ''ਯਾਜਕ'' ''ਮਹਾਯਾਜਕ'' ਵੀ ਹੋਣਗੇ (ਆਇਤ 23), ''ਜਿੰਨੇ ਸਰਦਾਰ ਯਾਜਕ ਦੇ ਸਾਕ ਨਾਤੇ ਦੇ ਸਨ'' (ਆਇਤ 6), ਉਨ੍ਹਾਂ ਨਾਲ ਉਹ ਯਾਜਕ ਜਿਹੜੇ ਹੈਕਲ ਦੇ ਕੰਮਾਂ ਨੂੰ ਸੰਭਾਲਦੇ ਸਨ।[6] ''ਹੈਕਲ ਦਾ ਮੁੱਖ ਪਹਿਰੇਦਾਰ'' ਹੈਕਲ ਦੀ ਸੁਰੱਖਿਆ ਲਈ ਜ਼ਿੰਮੇਵਾਰ ਸੀ;[7] ਮਹਾਯਾਜਕ ਦੇ ਬਾਅਦ ਦੂਜਾ ਅਧਿਕਾਰੀ ਉਹੀ ਸੀ। ''ਸਦੂਕੀ'' ਗਿਣਤੀ ਵਿਚ ਤਾਂ ਘੱਟ ਸਨ ਪਰ ਹੈਕਲ ਅਤੇ ਫ਼ਲਸਤੀਨ ਵਿਚ ਉਨ੍ਹਾਂ ਦਾ ਬੋਲ ਬਾਲਾ ਸੀ।[8] ਮਹਾਯਾਜਕ ਸਦੂਕੀ ਹੀ ਸਨ ਜਿਹਦਾ ਅਰਥ ਇਹ ਹੈ ਕਿ ਸਭਾ ਵਿਚ ਜ਼ਿਆਦਾ ਲੋਕ ਸਦੂਕੀ ਹੀ ਸਨ (5:17)। ਰੋਮ ਨਾਲ ਸਹਿਯੋਗ ਕਰਨ ਕਰਕੇ, ਸਦੂਕੀ ਦੇਸ਼ ਭਰ ਵਿਚ ਇਕ ਸ਼ਕਤੀਸ਼ਾਲੀ

ਰਾਜਨੀਤਕ ਦਲ ਸੀ। ਸ਼ੈਤਾਨ ਨੇ ਕਲੀਸੀਆ ਤੇ ਜ਼ੁਲਮ ਸ਼ੁਰੂ ਕਰਨ ਲਈ ਸਭ ਤੋਂ ਪਹਿਲਾਂ ''ਇਸੇ ਦਲ ਨੂੰ ਭੇਜਿਆ।''

ਜ਼ੁਲਮ ''ਸ਼ਹਿਰ ਦੇ ਕੁਲੀਨ ਲੋਕਾਂ,'' ਧਾਰਮਿਕ ਆਗੂਆਂ ਜਾਂ ਇੱਥੋਂ ਤਕ ਕਿ ਕਲੀਸੀਆ ਦੇ ਮੈਂਬਰਾਂ ਵੱਲੋਂ ਵੀ ਹੋ ਸਕਦਾ ਹੈ (2 ਕੁਰਿੰਥੀਆਂ 11:26)! ਸ਼ੈਤਾਨ ਕਿਸੇ ਨੂੰ ਵੀ ਵਰਤ ਸਕਦਾ ਹੈ ਅਤੇ ਵਰਤੇਗਾ (ਮੱਤੀ 16:23 ਤੇ ਧਿਆਨ ਦਿਓ)।

ਸਤਾਏ ਜਾਣ ਤੇ ਸਾਨੂੰ ਅਚੰਭਾ ਨਹੀਂ ਕਰਨਾ ਚਾਹੀਦਾ। ਪਤਰਸ ਅਤੇ ਯੂਹੰਨਾ ਨੇ ਪ੍ਰਮੇਸ਼ਵਰ ਜਾਂ ਮਨੁੱਖ ਦਾ ਕਿਹੜਾ ਕਾਨੂੰਨ ਤੋੜਿਆ ਸੀ? ਕੋਈ ਨਹੀਂ। ਉਨ੍ਹਾਂ ਨੇ ਇਕ ਲੰਗੜੇ ਆਦਮੀ ਨੂੰ ਚੰਗਾ ਕੀਤਾ ਅਤੇ ਉਹਨੂੰ ਵਚਨ ਸੁਣਾਇਆ ਸੀ। ਪਰ ਇਸ ਨਾਲ ਉਸ ਸਮੇਂ ਦੇ ਅਸਰਦਾਰ ਲੋਕ ਘਬਰਾ ਗਏ ਸਨ।[9] ਪਤਰਸ ਅਤੇ ਯੂਹੰਨਾ ਦੀ ਸੇਵਕਾਈ ਨੇ ਸੱਤਾ ਦੇ ਦਲਾਲਾਂ ਨੂੰ ਤਿੰਨ ਤਰ੍ਹਾਂ ਨਾਲ ਪਰੇਸ਼ਾਨ ਕੀਤਾ:

(1) ਪਤਰਸ ਅਤੇ ਯੂਹੰਨਾ ''ਲੋਕਾਂ ਨੂੰ ਸਿੱਖਿਆ ਦੇ ਰਹੇ ਸਨ।'' ਉਨ੍ਹਾਂ ਨੂੰ ਇਹੀ ਗੱਲ ਚੰਗੀ ਨਹੀਂ ਲੱਗੀ ਕਿ ਪਤਰਸ ਅਤੇ ਯੂਹੰਨਾ ਸਿੱਖਿਆ ਦੇਣ; ਸਿੱਖਿਆ ਦੇਣਾ ਉਹ ਆਪਣਾ ਅਧਿਕਾਰ ਸਮਝਦੇ ਸਨ। ਸਭ ਤੋਂ ਵੱਧ ਕੇ ਕਿ ਉਨ੍ਹਾਂ ਨੂੰ ਉਹ ਪਸੰਦ ਨਹੀਂ ਸੀ *ਜਿਹਦੀ* ਸਿੱਖਿਆ ਪਤਰਸ ਅਤੇ ਯੂਹੰਨਾ ਦੇ ਰਹੇ ਸਨ; ਹੋਰ ਗੱਲਾਂ ਦੇ ਨਾਲ ਰਸੂਲਾਂ ਨੇ ਉਨ੍ਹਾਂ ਤੇ ਮਸੀਹ ਦੀ ਹੱਤਿਆ ਕਰਨ ਦਾ ਇਲਜ਼ਾਮ ਲਾਇਆ ਸੀ (3:14, 15)!

(2) ਪਤਰਸ ਅਤੇ ਯੂਹੰਨਾ ''ਯਿਸੂ ਦਾ ... ਪ੍ਰਚਾਰ ਕਰਦੇ ਸਨ।'' ਜਦ ਰੋਮੀ ਸਿਪਾਹੀਆਂ ਨੇ ਯਿਸੂ ਨੂੰ ਸਲੀਬ ਤੇ ਟੰਗ ਦਿੱਤਾ ਤਾਂ ਯਹੂਦੀ ਆਗੂਆਂ ਨੇ ਸਮਝਿਆ ਕਿ ਉਨ੍ਹਾਂ ਨੇ ਇਸ ਪੰਗੇਬਾਜ ਤੋਂ ਖਹਿੜਾ ਛੁਡਾ ਲਿਆ ਹੈ, ਪਰ ਯਿਸੂ ਦੇ ਚੇਲੇ ਉਸ ਨਾਲੋਂ ਵੀ ਵੱਧ ਗਏ ਸਨ, ਜੋ ਸਿਰਫ਼ ਉਹਦੇ ਧਰਤੀ ਤੇ ਰਹਿਣ ਸਮੇਂ ਸਨ!

(3) ਪਤਰਸ ਅਤੇ ਯੂਹੰਨਾ ''ਯਿਸੂ ਦੀ ਉਦਾਹਰਣ ਦੇ ਦੇ ਕੇ ਮਰੇ ਹੋਇਆਂ 'ਚੋਂ ਜੀ ਉੱਠਣ ਦਾ ਪ੍ਰਚਾਰ ਕਰਦੇ ਸਨ। ਉਹ ਸਿਰਫ਼ ਇਹੀ ਪ੍ਰਚਾਰ ਨਹੀਂ ਕਰਦੇ ਸਨ ਕਿ ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ ਸਗੋਂ ਇਹ ਵੀ ਪ੍ਰਚਾਰ ਕਰਦੇ ਸਨ ਕਿ ਯਿਸੂ ਦੇ ਰਾਹੀਂ ਦੂਜੇ ਲੋਕ ਵੀ ਮੁਰਦਿਆਂ ਵਿੱਚੋਂ ਜੀ ਉੱਠ ਸਕਦੇ ਹਨ!''[10] ਕੁਝ ਗੱਲਾਂ ਨੇ ਸਦੂਕੀਆਂ ਨੂੰ ਹੋਰ ਵੀ ਪਰੇਸ਼ਾਨ ਕਰ ਦਿੱਤਾ![11] ਉਹ ਜੀ ਉੱਠਣ ਵਿਚ ਯਕੀਨ ਨਹੀਂ ਰੱਖਦੇ ਸਨ; ਉਨ੍ਹਾਂ ਦਾ ਵਿਸ਼ਵਾਸ ਰੂਹਾਨੀ ਗੱਲਾਂ ਵਿਚ ਨਹੀਂ ਸੀ। (ਯਕੀਨਨ ਹੀ ਉਹ ਸ਼ੈਤਾਨ ਨੂੰ ਵੀ ਨਹੀਂ ਮੰਨਦੇ ਸਨ, ਜਿਹਦਾ ਜ਼ਿਕਰ ਅਸੀਂ ਸ਼ੁਰੂ ਵਿਚ ਕੀਤਾ ਸੀ!) ਮੰਨਿਆ ਕਿ ਪਤਰਸ ਅਤੇ ਯੂਹੰਨਾ ਨੇ ਕੋਈ ਕਾਨੂੰਨ ਨਹੀਂ ਤੋੜਿਆ ਸੀ ਪਰ ਉਨ੍ਹਾਂ ਨੇ ਇਕ ਵੱਖਰੀ ਗੱਲ ਦੱਸ ਕੇ ਹਲਚਲ ਮਚਾ ਦਿੱਤੀ ਸੀ ਅਤੇ ਉਹਦੇ ਨਤੀਜੇ ਧਾਰਮਿਕ ਆਗੂਆਂ ਲਈ ਖ਼ਤਰਨਾਕ ਹੋ ਸਕਦੇ ਸਨ!

ਜਦ ਸਾਨੂੰ ਮਸੀਹੀ ਲੋਕਾਂ ਨੂੰ ਕਿਸੇ ਭਲਾਈ ਕਾਰਣ ਸ਼ੈਤਾਨ ਮੁਸ਼ਕਲ ਵਿਚ ਪਾ ਦਿੰਦਾ ਹੈ ਤਾਂ ਅਸੀਂ ਹੈਰਾਨ ਹੁੰਦੇ ਹਾਂ। ''ਅਸੀਂ ਕਿਸੇ ਨੂੰ ਕੋਈ ਤਕਲੀਫ਼ ਨਹੀਂ ਪਹੁੰਚਾਈ!'' ਅਸੀਂ ਵਿਰੋਧ ਕਰਦੇ ਹਾਂ। ਪੌਲੁਸ ਨੇ ਕਿਹਾ ਹੈ, ''ਸੱਭੇ ਜਿੰਨੇ ਮਸੀਹ ਯਿਸੂ ਵਿਚ *ਭਗਤੀ ਨਾਲ* ਉਮਰ ਕੱਟਣੀ ਚਾਹੁੰਦੇ ਹਨ ਸੋ ਸਤਾਏ ਜਾਣਗੇ'' (2 ਤਿਮੋਥਿਅਸ 3:12)। ਯਿਸੂ ਜੋ ''ਭਲਾ ਕਰਦਾ'' ਸੀ (10:38), ਉਸ ਨੂੰ ਵੀ ਸਲੀਬ ਤੇ ਚੜ੍ਹਾ ਦਿੱਤਾ ਗਿਆ।

ਫਿਰ, ਵਚਨ ਤੇ ਵਿਸ਼ਵਾਸ ਲਿਆ ਕੇ ਉਹਦੀ ਸਿੱਖਿਆ ਦੇਣ ਲਈ ਮਜ਼ਾਕ ਬਣਨ ਤੇ ਕੁਝ ਲੋਕ ਹੈਰਾਨ ਹੁੰਦੇ ਹਨ।[12] ਤਾਂ ਇਸ ਵਿਚ ਹੈਰਾਨ ਨਾ ਹੋਵੋ। ਜੇ ਸਾਡੀ ਜ਼ਿੰਦਗੀ ਠੀਕ ਹੈ ਅਤੇ

ਅਸੀਂ ਪ੍ਰਮੇਸ਼ਵਰ ਦੇ ਵਚਨ ਦਾ ਪ੍ਰਚਾਰ ਕਰ ਰਹੇ ਹਾਂ, ਤਾਂ ਸ਼ੈਤਾਨ ਠਹਿਰ ਨਹੀਂ ਸਕਦਾ! ਉਹ ਸਾਡੀ ਗਵਾਹੀ ਨੂੰ ਵਿਗਾੜਨ ਲਈ ਲੱਗਾ ਹੀ ਰਹਿੰਦਾ ਹੈ, ਇਸ ਗੱਲ ਦਾ ਧਿਆਨ ਰੱਖੋ!

ਯਹੂਦੀ ਆਗੂਆਂ ਨੇ ਪਤਰਸ ਅਤੇ ਯੂਹੰਨਾ ਨੂੰ ਗ੍ਰਿਫ਼ਤਾਰ ਕਰਕੇ ''ਦੂਜੇ ਦਿਨ ਤਕ ਹਵਾਲਾਤ ਵਿਚ ਰੱਖਿਆ[13] ਕਿਉਂਕਿ ਸ਼ਾਮ ਹੋ ਚੁੱਕੀ ਸੀ।''[14] ਉਨ੍ਹਾਂ ਨੇ ਅਗਲੇ ਦਿਨ ਤਕ ਕੁਝ ਕਾਨੂੰਨੀ ਕਾਰਵਾਈਆਂ ਪੂਰੀਆਂ ਕਰਨੀਆਂ ਹੋਣਗੀਆਂ;[15] ਇਸ ਮਾਮਲੇ ਦਾ ਫ਼ੈਸਲਾ ਕਰਨ ਲਈ ਉਨ੍ਹਾਂ ਨੂੰ ਜ਼ਿਆਦਾ ਸਮੇਂ ਦੇ ਲੋੜ ਹੋਵੇਗੀ (ਆਖ਼ਰ ਰਸੂਲਾਂ ਨੇ ਤਾਂ ਕੁਝ ਵੀ ਗ਼ਲਤ ਨਹੀਂ ਕੀਤਾ ਸੀ); ਜਾਂ ਤਾਂ ਇਹ ਹੈ ਕਿ ਉਹ ਪਤਰਸ ਅਤੇ ਯੂਹੰਨਾ ਨੂੰ ਕੈਦ ਦਾ ਸਵਾਦ ਚਖਾਉਣਾ ਚਾਹੁੰਦੇ ਹੋਣ ਤਾਂ ਜੋ ਉਨ੍ਹਾਂ ਨੂੰ ਸਮਝ ਆ ਜਾਵੇ ਕਿ ਉਹਨਾ ਦੇ ਇਖ਼ਤਿਆਰ ਨੂੰ ਚੁਣੌਤੀ ਦੇਣ ਦਾ ਕੀ ਮਤਲਬ ਹੈ। ਪਤਰਸ ਅਤੇ ਯੂਹੰਨਾ ਨੂੰ ਗ੍ਰਿਫ਼ਤਾਰ ਕਰਨ ਦਾ ਉਨ੍ਹਾਂ ਕੋਲ ਕੋਈ ਕਾਨੂੰਨੀ ਅਧਾਰ ਨਹੀਂ ਸੀ, ਘੱਟੋ ਘੱਟ ਗ੍ਰਿਫ਼ਤਾਰ ਕਰਨ ਦਾ ਤਾਂ ਬਿਲਕੁਲ ਨਹੀਂ (ਵੇਖੋ ਆਇਤ 21), ਪਰ ਯਿਸੂ ਤੇ ਮੌਤ ਦੀ ਸਜ਼ਾ ਦਾ ਇਲਜ਼ਾਮ ਲਾਉਣ ਵਾਲਿਆਂ ਨੂੰ ਅਜਿਹੀਆਂ ''ਤਕਨੀਕੀ'' ਗੱਲਾਂ ਦੀ ਕੋਈ ਪਰਵਾਹ ਨਹੀਂ ਸੀ।

## ਹੱਥ ਖੜ੍ਹੇ ਨਾ ਕਰੋ[16] (4:4–6)

ਜਦ ਸ਼ੈਤਾਨ ਸਾਨੂੰ ਸਤਾਉਣ ਲਗਦਾ ਹੈ ਤਾਂ ਸਾਡੇ ਵਿੱਚੋਂ ਕੁਝ ਲੋਕ ਨਿਰਾਸ਼ ਹੋ ਕੇ ਕਹਿੰਦੇ ਹਨ: ''ਕੁਝ ਫ਼ਾਇਦਾ ਨਹੀਂ ਹੋਣ ਵਾਲਾ! ਚੰਗਾ ਹੋਵੇਗਾ ਕਿ ਅਸੀਂ ਛੱਡ ਹੀ ਦਈਏ!'' ਧਿਆਨ ਦਿਓ, ਹੋ ਸਕਦਾ ਹੈ ਕਿ ਸ਼ੈਤਾਨ ਸਾਡੇ ਤੇ ਮੁਸ਼ਕਲਾਂ ਇਸੇ ਕਰਕੇ ਲਿਆ ਰਿਹਾ ਹੋਵੇ ਕਿ ਉਹਨੂੰ ਪਤਾ ਹੈ ਕਿ ਜੇ ਅਸੀਂ ਕਾਇਮ ਰਹੇ ਤਾਂ ਪ੍ਰਭੂ ਲਈ ਵੱਡੇ ਵੱਡੇ ਕੰਮ ਹੋ ਜਾਣਗੇ! ਜੇ ਪ੍ਰਚਾਰ ਕਰਦਿਆਂ ਮੈਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਅਤੇ ਫਿਰ ਰਾਤ ਜੇਲ੍ਹ ਵਿਚ ਗੁਜ਼ਾਰਨੀ ਪੈਂਦੀ ਤਾਂ ਸ਼ਾਇਦ ਮੈਂ ਇਹ ਸੋਚਣ ਲਗਦਾ ਕਿ ਪ੍ਰਚਾਰ ਦੀ ਕੋਸ਼ਿਸ਼ ਬੇਕਾਰ ਗਈ। ਪਰ, ਪਤਰਸ ਦੇ ਸੰਦੇਸ਼ ਦੇ ਨਤੀਜਿਆਂ ਤੇ ਧਿਆਨ ਦਿਓ, ''ਪਰ ਉਨ੍ਹਾਂ ਵਿੱਚੋਂ ਜਿਨ੍ਹਾਂ ਬਚਨ ਸੁਣਿਆ ਸੀ ਬਹੁਤਿਆਂ ਨੇ ਨਿਹਚਾ ਕੀਤੀ ਅਤੇ ਉਨ੍ਹਾਂ ਮਨੁੱਖਾਂ ਦੀ ਗਿਣਤੀ ਪੰਜਕੁ ਹਜ਼ਾਰ ਹੋ ਗਈ'' (ਆਇਤ 4)। ਇਨ੍ਹਾਂ ਲੋਕਾਂ ਨੂੰ ਪਤਾ ਸੀ ਕਿ ਪਤਰਸ ਅਤੇ ਯੂਹੰਨਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਪਰ ਇਸ ਨਾਲ ਉਨ੍ਹਾਂ ਦੇ ਮਸੀਹੀ ਬਣਨ ਵਿਚ ਕੋਈ ਰੁਕਾਵਟ ਨਹੀਂ ਆਈ। ਵਚਨ ਸੁਣਾਉਣ ਵਾਲੇ ਕੈਦ ਵਿਚ ਸਨ, ਪਰ ਵਚਨ ਨਹੀਂ ਸੀ। ਪ੍ਰਮੇਸ਼ਵਰ ਦਾ ਵਚਨ ਜੇ ਸਾਫ਼ ਮਨ ਨਾਲ ਮੰਨ ਲਿਆ ਜਾਵੇ ਤਾਂ ਇਹ ਸ਼ਕਤੀਸ਼ਾਲੀ ਹੁੰਦਾ ਹੈ (ਲੂਕਾ 8:15; ਰੋਮੀਆਂ 1:16)।

ਆਇਤ 4 ਵਿਚ ''ਨਿਹਚਾ ਕੀਤੀ'' ਦਾ ਅਰਥ ਸਿਰਫ਼ ਯਿਸੂ ਨੂੰ ਮਸੀਹ ਮੰਨਣ ਤਕ ਹੀ ਸੀਮਤ ਨਹੀਂ ਸੀ। ''ਨਿਹਚਾ'' ਨੂੰ ''ਭਰੋਸਾ ਕਰਕੇ ਹੁਕਮ ਮੰਨਣ'' ਦੇ ਵਿਆਪਕ ਅਰਥ ਵਿਚ ਵਰਤਿਆ ਜਾਂਦਾ ਹੈ।[17] ਰਸੂਲਾਂ ਦੇ ਕੰਮ ਵਿਚ ਮਨ ਬਦਲੀ ਦੀਆਂ ਕੁਝ ਹੀ ਘਟਨਾਵਾਂ ਨੂੰ ਵਿਸਤਾਰ ਨਾਲ ਦੱਸਿਆ ਗਿਆ ਹੈ;[18] ਬਾਕੀ ਘਟਨਾਵਾਂ ਸੰਖੇਪ ਵਿਚ ਦੱਸੀਆਂ ਗਈਆਂ ਹਨ ਜਿਵੇਂ ਕਿ ''ਹੋਰ ਨਿਹਚਾਵਾਨ ਵੀ ... ਟੋਲੀਆਂ ਦੀਆਂ ਟੋਲੀਆਂ ਪ੍ਰਭੂ ਨਾਲ'' (5:14) ਮਿਲਦੇ ਰਹੇ ਜਾਂ ''ਬਹੁਤ ਸਾਰੇ ਜਾਜਕ ਉਸ ਮੱਤ ਦੇ ਮੰਨਣ ਵਾਲੇ ਹੋ ਗਏ'' (6:7)। ਕਿਉਂਕਿ ''ਪ੍ਰਮੇਸ਼ਵਰ ਕਿਸੇ ਦਾ ਪੱਖ ਨਹੀਂ ਕਰਦਾ'' (10:35), ਇਸ ਲਈ ਇਸ ਵਿਚ ਕੋਈ ਸ਼ੱਕ ਨਹੀਂ ਕਿ ਜਿਨ੍ਹਾਂ ਦਾ ਜ਼ਿਕਰ ਆਇਤ 4 ਵਿਚ ਕੀਤਾ ਗਿਆ ਹੈ, ਉਨ੍ਹਾਂ ਨੇ ਵੀ ਉਸੇ ਤਰ੍ਹਾਂ ਤੌਬਾ ਕਰਕੇ ਬਪਤਿਸਮਾ ਲਿਆ ਹੋਵੇਗਾ ਜਿਵੇਂ ਪੈਂਟੀਕਾਸਟ ਵਾਲੇ ਦਿਨ ਤਿੰਨ ਹਜ਼ਾਰ ਲੋਕਾਂ ਨੇ ਲਿਆ

ਸੀ। ਚਰਚ ਆਫ਼ ਇੰਗਲੈਂਡ ਦੀ ਇਕ ਟੈਕਸਟ ਬੁੱਕ ਵਿਚ ਦੱਸਿਆ ਗਿਆ ਹੈ, ''ਲਗਭਗ 5 ਹਜ਼ਾਰ ਯਹੂਦੀਆਂ ਨੇ ਚੰਗਾਈ ਦੇ ਮੋਅਜਜ਼ੇ ਨੂੰ ਵੇਖਿਆ ਜਾਂ ਸੁਣਿਆ। ਉਨ੍ਹਾਂ ਨੇ ਪਤਰਸ ਦੀ ਚੁਣੌਤੀ ਕਬੂਲ ਕੀਤੀ ਅਤੇ ਕਲੀਸੀਆ ਵਿਚ ਬਪਤਿਸਮਾ ਲਿਆ।'' ਰਸੂਲਾਂ ਦੇ ਕੰਮ 3 ਵਿਚ ਆਪਣੇ ਪੈਗ਼ਾਮ ਵਿਚ ਜੇ ਪਤਰਸ ਬਪਤਿਸਮੇ ਦਾ ਜ਼ਿਕਰ ਨਾ ਕਰਦਾ,[19] ਤਾਂ ਉਨ੍ਹਾਂ ਨੂੰ ਬਪਤਿਸਮਾ ਲੈਣ ਬਾਰੇ ਕਿਵੇਂ ਪਤਾ ਲਗਦਾ ਹੈ? ਲੋਕ ਹਰ ਰੋਜ਼ ਬਪਤਿਸਮਾ ਲੈ ਰਹੇ ਸਨ (2:41, 47)। ਬਪਤਿਸਮੇ ਦੇ ਗਵਾਹ ਮਸੀਹੀ ਲੋਕਾਂ ਦੀ ਭੀੜ ਯਰੂਸ਼ਲਮ ਵਿਚ ਆਮ ਨਜ਼ਰ ਆਉਂਦੀ ਹੋਵੇਗੀ! ਬਪਤਿਸਮਾ ਲੈਣ ਦਾ ਫੈਸਲਾ ਕਰਨ ਵਾਲੇ ਹਰ ਕਿਸੇ ਨੂੰ ਪਤਾ ਹੁੰਦਾ ਹੋਵੇਗਾ ਕਿ ਬਪਤਿਸਮਾ ਕਿਵੇਂ ਲਿਆ ਜਾਂਦਾ ਹੈ।

ਆਇਤ 4 ਵਿਚ ਅਨੁਵਾਦਤ ਸ਼ਬਦ ''ਮਨੁੱਖਾਂ'' ਸਧਾਰਨ ਸ਼ਬਦ *ਐਂਥਰੋਪਾਸ* ਤੋਂ ਨਹੀਂ ਲਿਆ ਗਿਆ ਜਿਸ ਵਿਚ ਆਦਮੀ ਅਤੇ ਔਰਤ ਦੋਵੇਂ ਹੋ ਸਕਦੇ ਹਨ[20] ਸਗੋਂ ਇਸ ਨੂੰ ਖਾਸ ਸ਼ਬਦ ''ਅਨ੍ਹੇਰੇ'' ਤੋਂ ਲਿਆ ਗਿਆ ਹੈ, ਜਿਹਦਾ ਅਰਥ ''ਔਰਤ ਨਾਲੋਂ ਫ਼ਰਕ ਇਕ ਪੁਰਖ'' ਹੈ। ਕਿਉਂਕਿ ਸ਼ਬਦ ''ਪੰਜ ਕੁ ਹਜ਼ਾਰ'' ਖਾਸ ਕਰਕੇ ਆਦਮੀਆਂ ਲਈ ਹੀ ਵਰਤਿਆ ਗਿਆ ਹੈ, ਇਸ ਲਈ ਅਸੀਂ ਸਿਰਫ਼ ਅੰਦਾਜ਼ਾ ਲਾ ਸਕਦੇ ਹਾਂ ਕਿ ਉੱਥੇ ਕਿੰਨੇ ਮੈਂਬਰ ਇੱਕਠੇ ਹੋਏ ਹੋਣਗੇ।[21] ਘੱਟੋ ਘੱਟ ਦੱਸ ਹਜ਼ਾਰ ਤਾਂ ਹੋਣਗੇ ਹੀ![22] ਜਿਵੇਂ ਤੇਲ ਨਾਲ ਲੱਗੀ ਅੱਗ ਤੇ ਪਾਣੀ ਪਾਉਣ ਨਾਲ ਅੱਗ ਫੈਲ ਜਾਂਦੀ ਹੈ ਉਸੇ ਤਰ੍ਹਾਂ ਕਲੀਸੀਆ ਨੂੰ ਖ਼ਤਮ ਕਰਨ ਦੀ ਹਰ ਕੋਸ਼ਿਸ਼ ਨਾਲ ਕਲੀਸੀਆ ਵਧੀ ਹੀ!

ਪਰ ਰਸੂਲਾਂ ਨੂੰ ਗ੍ਰਿਫ਼ਤਾਰ ਕਰਨਾ ਅਤੇ ਰਾਤ ਭਰ ਕੈਦ ਵਿਚ ਰੱਖਣਾ ਉਨ੍ਹਾਂ ਦੀ ਗਵਾਹੀ ਨੂੰ ਬੇਕਾਰ ਕਰਨ ਦੀ ਸ਼ੈਤਾਨ ਦੀ ਕੋਸ਼ਿਸ਼ ਦੀ ਸ਼ੁਰੂਆਤ ਹੀ ਸੀ। ਅਗਲੀ ਸਵੇਰ, ਇਕ ਤਾਕਤਵਰ ਗੁੱਟ ਰਸੂਲਾਂ ਦੇ ਖ਼ਿਲਾਫ਼ ਕਾਰਵਾਈ ਕਰਨ ਲਈ ਇਕੱਠਾ ਹੋ ਗਿਆ:

> ਦੂਜੇ ਦਿਨ ਇਉਂ ਹੋਇਆ ਕਿ ਉਨ੍ਹਾਂ ਦੇ ਸਰਦਾਰ ਅਤੇ ਬਜ਼ੁਰਗ ਅਤੇ ਗ੍ਰੰਥੀ ਯਰੂਸ਼ਲਮ ਵਿਚ ਇਕੱਠੇ ਹੋਏ। ਅਰ ਸਰਦਾਰ ਯਾਜਕ ਅੰਨਾਸ ਉੱਥੇ ਸੀ ਨਾਲੇ ਕਯਾਫ਼ਾ ਅਰ ਯੂਹੰਨਾ ਅਰ ਸਿਕੰਦਰ ਅਤੇ ਜਿੰਨੇ ਸਰਦਾਰ ਜਾਜਕ ਦੇ ਸਾਕ ਨਾਤੇ ਦੇ ਸਨ (ਆਇਤਾਂ 5, 6)।

''ਸਰਦਾਰ'' (ਅਧਿਕਾਰੀ) ਤਾਂ ''ਮਹਾਯਾਜਕ'' ਹੀ ਸਨ (ਆਇਤ 23)। ''ਬਜ਼ੁਰਗ'' ਉਹ ਬਜ਼ੁਰਗ ਆਗੂ ਸਨ ਜਿਹੜੇ ਸਿਆਣਪ ਅਤੇ ਸਮਝਦਾਰੀ ਲਈ ਮਸ਼ਹੂਰ ਸਨ। ''ਗ੍ਰੰਥੀਆਂ'' ਨੂੰ ਸ਼ਰ੍ਹਾ ਦੇ ਸਿਖਾਉਣ ਵਾਲੇ ਮੰਨਿਆ ਜਾਂਦਾ ਸੀ। ਇਨ੍ਹਾਂ ਤਿੰਨਾਂ ਗੁਟਾਂ ਨਾਲ ਮਿਲ ਕੇ ਹੀ ਸਮਾਜ ਜਾਂ ਸਨਹੇਦ੍ਰਿਨ ਦਾ ਸੰਚਾਲਕ ਮੰਡਲ ਬਣਦਾ ਸੀ।[23] ਸਨਹੇਦ੍ਰਿਨ ਯਹੂਦੀਆਂ ਦੀ ਮਹਾਸਭਾ (5:21) ਅਤੇ ਸਭ ਤੋਂ ਵੱਡੀ ਅਦਾਲਤ ਨੂੰ ਕਿਹਾ ਜਾਂਦਾ ਸੀ।[24] ਉਸ ਸਵੇਰ ਪਲਸਤੀਨ ਦੀ ਇਹ ਖ਼ਾਸ ਸਭਾ ਇਹ ਫੈਸਲਾ ਲੈਣ ਲਈ ਇਕੱਠੀ ਹੋਈ ਸੀ ਕਿ ਗਲੀਲ ਦੇ ਇਨ੍ਹਾਂ ਦੋ ਮਛੁਆਰਿਆਂ ਦਾ ਕੀ ਕੀਤਾ ਜਾਵੇ!

ਇਸ ਹਾਲਾਤ ਦੇ ਅਕਰਸ਼ਣ ਨੂੰ ਇਸ ਸੂਚੀ ਵਿਚ ਰੇਖਾਂਕਿਤ ਕੀਤਾ ਗਿਆ ਹੈ। ''ਮਹਾਯਾਜਕ ਹੰਨਾ'' ਉਨ੍ਹਾਂ ਵਿਚ ਹੀ ਸੀ। ''ਮਹਾਯਾਜਕ'' ਇਕ ਸਨਮਾਨਿਤ ਉਪਾਧੀ ਸੀ।[25] ਹੰਨਾ *ਪੂਰਵ* ਮਹਾਯਾਜਕ ਸੀ। ਮਹਾਯਾਜਕ ਦੇ ਤੌਰ ਤੇ ਕਈ ਸਾਲ ਸੇਵਾ ਕਰਨ ਦੇ ਬਾਅਦ ਰੋਮੀਆਂ ਨੇ ਉਹਨੂੰ ਉਹਦੇ ਅਹੁਦੇ ਤੋਂ ਹਟਾ ਦਿੱਤਾ ਸੀ। ਪਰ ਜ਼ਿਆਦਾਤਰ ਯਹੂਦੀ ਅਜੇ ਵੀ ਉਹਨੂੰ ਹੀ ਮਹਾਯਾਜਕ ਮੰਨਦੇ ਸਨ ਅਤੇ ਇਸ ਅਹੁਦੇ ਤੇ ਨਿਯੁਕਤੀ ਲਈ ਇਹਦਾ ਖ਼ਾਸ ਯੋਗਦਾਨ ਸੀ।[26] ਕੈਫ਼ਾ ਹੰਨਾ

ਦਾ ਜਵਾਈ ਸੀ ਅਤੇ ਮੌਜੂਦਾ ਮਹਾਯਾਜਕ ਸੀ (ਮੱਤੀ 26:57; ਯੂਹੰਨਾ 18:13, 24)। ਯੂਹੰਨਾ ਅਤੇ ਸਿਕੰਦਰ ਬਾਰੇ ਸਾਨੂੰ ਪੱਕਾ ਪਤਾ ਨਹੀਂ ਹੈ, ਪਰ ਐਨਾ ਸਪਸ਼ਟ ਹੈ ਕਿ ਉਹ ਰਸੂਖ ਵਾਲੇ ਲੋਕ ਸਨ। ਜਿਨ੍ਹਾਂ ਤੋਂ ਲੂਕਾ ਦੇ ਪਾਠਕ ਜਾਣੂ ਸਨ। ਹੋ ਸਕਦਾ ਹੈ ਕਿ ਉਹ ਹੰਨਾ ਜਾਂ ਕੈਫ਼ਾ ਦੇ ਪੁੱਤਰ ਹੋਣ ਅਤੇ ਮਹਾਯਾਜਕ ਬਣਨ ਦੇ ਦਾਅਵੇਦਾਰ ਹੋਣ।[27] ਕਿਸੇ ਨਾ ਕਿਸੇ ਤਰ੍ਹਾਂ, ਉਹ ''ਮਹਾਯਾਜਕਾਂ ਦੇ ਘਰਾਣੇ'' ਵਿੱਚੋਂ ਹੀ ਸਨ। ਲੂਕਾ ਨੇ ਇਹ ਵੀ ਟਿੱਪਣੀ ਕੀਤੀ ਹੈ ਕਿ ''ਜਿੰਨੇ ਸਰਦਾਰ ਯਾਜਕ ਦੇ ਸਾਕ ਨਾਤੇ ਦੇ ਸਨ'' ਉਹ ਸਭ ਉੱਥੇ ਹੀ ਸਨ।[28]

ਜੇ ਮੈਂ ਪਤਰਸ ਅਤੇ ਯੂਹੰਨਾ ਦੀ ਥਾਂ ਹੁੰਦਾ, ਜਿਨ੍ਹਾਂ ਨੂੰ ਦੇਸ਼ ਦੇ ਸਭ ਤੋਂ ਸ਼ਕਤੀਸ਼ਾਲੀ ਲੋਕਾਂ ਦੇ ਸਾਹਮਣੇ ਬੁਲਾਇਆ ਗਿਆ ਸੀ ਤਾਂ ਅਜਿਹੇ ਹਲਾਤ ਮੈਨੂੰ *ਨਿਰਾਸ਼* ਕਰ ਦਿੰਦੇ। ਪਤਰਸ ਅਤੇ ਯੂਹੰਨਾ ਨੇ ਇਸ ਨੂੰ *ਮੌਕਾ* ਜਾਣਿਆ। ਆਪਣੇ ਚੇਲਿਆਂ ਨੂੰ ਕਿ ਚਿਤਾਵਨੀ ਦਿੰਦਿਆਂ ਕਿ ਉਹ ਸਤਾਏ ਜਾਣਗੇ, ਯਿਸੂ ਨੇ ਕਿਹਾ ਸੀ ਕਿ ''ਲੋਕ ਤੁਹਾਡੇ ਉੱਤੇ ਹੱਥ ਪਾਉਣਗੇ ਅਤੇ ਤੁਹਾਨੂੰ ਸਤਾਉਣਗੇ ਅਰ ਸਮਾਜਾਂ ਅਤੇ ਕੈਦਖ਼ਾਨਿਆਂ ਵਿਚ ਫੜਵਾ ਦੇਣਗੇ ਅਤੇ ਮੇਰੇ ਨਾਮ ਦੇ ਕਾਰਨ ਰਾਜਿਆਂ ਅਰ ਹਾਕਮਾਂ ਦੇ ਸਾਹਮਣੇ ਲੈ ਜਾਣਗੇ। ਇਹ ਤੁਹਾਡੇ ਉੱਤੇ ਗਵਾਹੀ ਦੇ ਲਈ ਬੀਤੇਗਾ'' (ਲੂਕਾ 21:12, 13)। ਮਹਾਸਭਾ (ਸਨਹੇਦ੍ਰਿਨ) ਵਿਚ ਪ੍ਰਚਾਰ ਕਰਨ ਲਈ ਪਤਰਸ ਅਤੇ ਯੂਹੰਨਾ ਨੂੰ ਮੌਕਾ ਕਿਵੇਂ ਮਿਲ ਸਕਦਾ ਸੀ? ਇਸ ਮੌਕੇ ਨੂੰ ਪਾਉਣ ਦਾ ਇੱਕੋ ਢੰਗ ਸੀ ਕਿ ਉਨ੍ਹਾਂ ਨੂੰ ਬੰਨ੍ਹ ਕੇ ਉੱਥੇ ਲਿਜਾਇਆ ਜਾਂਦਾ!

ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਅੱਗੇ ਚੱਲ ਕੇ ਅਸੀਂ ਵੇਖਾਂਗੇ ਕਿ ਜਦ ਵੀ ਇਕ ਮਸੀਹੀ ਨੂੰ ਅਦਾਲਤ ਵਿਚ ਘਸੀਟਿਆ ਗਿਆ ਤਾਂ ਉਸ ਨੇ ਆਪਣਾ ਬਚਾਅ ਕਰਨ ਲਈ ਆਪਣਾ ਪੱਖ ਨਹੀਂ ਰੱਖਿਆ ਸਗੋਂ ਇਸ ਨੂੰ ਯਿਸੂ ਦਾ ਪ੍ਰਚਾਰ ਕਰਨ ਲਈ ਮਿਲੇ ਮੌਕੇ ਦੇ ਰੂਪ ਵਿਚ ਵਰਤਿਆ!

ਜਦ ਸ਼ੈਤਾਨ ਸਾਨੂੰ ਮੁਸ਼ਕਲ ਵਿਚ ਪਾ ਦਿੰਦਾ ਹੈ ਅਤੇ ਅਜਿਹੇ ਹਲਾਤ ਵਿਚ ਅਸੀਂ ਹੱਥ ਖੜ੍ਹੇ ਕੀਤੇ ਬਿਨਾ ਅੱਖਾਂ ਖੁੱਲ੍ਹੀਆਂ ਰੱਖ ਕੇ ਹਿੰਮਤ ਨਹੀਂ ਹਾਰਦੇ ਹਾਂ, ਤਾਂ ਸਾਨੂੰ ਅਜਿਹੇ ਮੌਕੇ ਮਿਲ ਸਕਦੇ ਹਨ ਜੋ ਪਹਿਲਾਂ ਕਦੇ ਨਹੀਂ ਮਿਲੇ!

## ਸ਼ੈਤਾਨ ਦੇ ਹੱਥਾਂ ਦੀ ਕਠਪੁਤਲੀ ਨਾ ਬਣੋ (4:7, 8)

ਆਇਤ 5 ਕਹਿੰਦੀ ਹੈ ਕਿ ''ਦੂਜੇ ਦਿਨ'' (ਸਭਾ ਦੇ ਲੋਕ) ਯਰੂਸ਼ਲਮ ਵਿਚ ਇਕੱਠੇ ਹੋਏ ਅਤੇ ''[ਰਸੂਲਾਂ ਨੂੰ] ਵਿਚਾਲੇ ਖੜਾ ਕਰ ਕੇ ਪੁੱਛਿਆ, ਤੁਸਾਂ ਕਿਹੜੀ ਸ਼ਕਤੀ ਯਾ ਕਿਹੜੇ ਨਾਮ ਨਾਲ ਇਹ ਕੀਤਾ?'' (ਆਇਤ 7)। ਮੰਨ ਲਓ ਕਿ ਤੁਸੀਂ ਇਕ ਰਸੂਲ ਹੋ ਅਤੇ ਤੁਹਾਡੇ ਚਾਰੇ ਪਾਸੇ ਅਰਧ ਚੱਕਰ ਵਿਚ ਕਾਲੇ ਚੋਗੇ ਪਾਏ ਅਤੇ ਤੁਹਾਨੂੰ ਨਫ਼ਰਤ ਭਰੀਆਂ ਨਜ਼ਰਾਂ ਨਾਲ ਵੇਖ ਰਹੇ ਇਕੱਹਤਰ ਜੱਜ[29] ਬੈਠੇ ਹਨ। ਉਨ੍ਹਾਂ ਦੇ ਪਿੱਛੇ ਉਹ ਲੋਕ ਹਨ, ਜੋ ਉਨ੍ਹਾਂ ਜਿੰਨੇ ਹੀ ਵਿਰੋਧੀ ਹਨ।[30] ਹਰ ਪਾਸੇ ਅਦਾਲਤ ਦੇ ਅਧਿਕਾਰੀ ਹਨ। ਪੂਰੀ ਨਫ਼ਰਤ ਦਾ ਕੇਂਦਰ, ਇਹੀ ਤਿੰਨ ਲੋਕ ਹਨ-ਤੁਸੀਂ, ਦੂਜਾ ਰਸੂਲ ਉਹ ਆਦਮੀ ਜੋ ਚੰਗਾ ਹੋਇਆ ਸੀ।[31] ਤੁਸੀਂ ਐਧਰ ਓਧਰ ਝਾਕ ਰਹੇ ਹੋ ਕਿ ਕੋਈ ਇਕ ਚਿਹਰਾ ਅਜਿਹਾ ਮਿਲ ਜਾਵੇ ਜੋ ਤੁਹਾਡੇ ਪੱਖ ਵਿਚ ਹੋਵੇ-ਪਰ ਕੋਈ ਵੀ ਨਹੀਂ ਮਿਲਦਾ ਫਿਰ ਤੁਸੀਂ ਯਾਦ ਕਰਦੇ ਹੋ ਕਿ ਇਨ੍ਹਾਂ ਲੋਕਾਂ ਨੇ ਹੀ ਯਿਸੂ ਤੇ ਸਜ਼ਾ ਦਾ ਇਲਜ਼ਾਮ ਲਾਇਆ ਸੀ! ਇਹ ਹਲਾਤ ਰਸੂਲਾਂ ਨੂੰ ਖ਼ੌਫ਼ਜ਼ਦਾ ਕਰਨ ਲਈ ਬਣਾਏ ਗਏ ਸਨ। *ਮੈਂ* ਤਾਂ ਯਕੀਨਨ ਹੀ ਡਰ ਗਿਆ ਹੋਣਾ ਸੀ!

ਰਵਾਇਤੀ ਤੌਰ ਤੇ ਬੈਠਕ ਸ਼ੁਰੂ ਹੋਣ ਦੇ ਨਾਲ ਹੀ ਅਸੀਂ ਵੇਖ ਰਹੇ ਹਾਂ ਕਿ ਪਹਿਲਾਂ ਹੋਈਆਂ ਗੱਲਾਂ ਨੂੰ ਹੀ ਦੁਹਰਾਇਆ ਜਾ ਰਿਹਾ ਹੈ। ਕਾਰਵਾਈ ਦੀ ਸ਼ੁਰੂਆਤ ਉਨ੍ਹਾਂ ਇਲਜ਼ਾਮਾਂ ਨੂੰ ਰਵਾਇਤੀ ਤੌਰ ਤੇ ਪੜ੍ਹਨ ਨਾਲ ਹੋਣੀ ਚਾਹੀਦੀ ਸੀ। ਪਰ ਇਹਦੀ ਸ਼ੁਰੂਆਤ ਇਕ ਅਨਿਸ਼ਚਿਤ ਜਿਹੇ ਸਵਾਲ ਨਾਲ ਹੋਈ: ''ਤੁਸਾਂ ਕਿਹੜੀ ਸ਼ਕਤੀ ਜਾਂ ਕਿਹੜੇ ਨਾਮ ਨਾਲ ਇਹ ਕੀਤਾ?''[32] ''ਇਹ'' ਕਿਹਨੂੰ ਕਿਹਾ ਗਿਆ ਹੈ: ਚੰਗਾਈ ਨੂੰ, ਪ੍ਰਚਾਰ ਨੂੰ ਜਾਂ ਕਿਸੇ ਹੋਰ ਗੱਲ ਨੂੰ। ਇਸ ਨਿਆਂ ਕਰਨ ਲਈ ਮੰਡਲੀ ਕੋਲ ਰਸੂਲਾਂ ਨੂੰ ਫੜ੍ਹਨ ਦਾ ਕੋਈ ਸਪਸ਼ਟ ਕਾਰਣ ਨਹੀਂ ਸੀ (ਆਇਤ 21)। ਅਤੇ ਉਨ੍ਹਾਂ ਨੂੰ ਪਤਾ ਸੀ ਕਿ ਪਤਰਸ ਅਤੇ ਯੂਹੰਨਾ ਇਹਦਾ ਗ਼ਲਤ ਜਵਾਬ ਦੇਣਗੇ ਅਤੇ ਇਸ ਨਾਲ ਉਨ੍ਹਾਂ ਨੂੰ ਸਜ਼ਾ ਦੇਣ ਦਾ ਬਹਾਨਾ ਮਿਲ ਜਾਵੇਗਾ। ਅਜਿਹਾ ਢੰਗ ਅਪਣਾਉਣ ਬਾਰੇ ਅਸੀਂ ਹੋਰ ਕਿੱਥੇ ਵੇਖਿਆ ਹੈ? ਯਿਸੂ ਦੇ ''ਮੁਕੱਦਮੇ'' ਵਿਚ (ਲੂਕਾ 22:66-71)। ਪਤਰਸ ਅਤੇ ਯੂਹੰਨਾ ਦੇ ਮੁਕੱਦਮੇ ਸਮੇਂ ਵੀ ਉਹੀ ਚਿਹਰੇ, ਉਹੀ ਸੋਚ, ਉਹੀ ਕਪਟ, ਉਹੀ ਸਵਾਲ ਸਨ! ਯਹੂਦੀ ਆਗੂ ਇਸੇ ਤਾਂਘ ਵਿਚ ਸਨ ਕਿ ਉਨ੍ਹਾਂ ਨੂੰ ਕੋਈ ਅਜਿਹਾ ਸੂਤਰ ਮਿਲ ਜਾਵੇ ਜਿਸ ਨਾਲ ਉਹ ਰਸੂਲਾਂ ਦੇ ਅਸਰ ਨੂੰ ਘੱਟ ਕਰ ਸਕਣ![33]

ਭਾਵੇਂ ਇਹ ਸਵਾਲ ਅਨਿਸ਼ਚਿਤ ਸੀ, ਪਰ ਇਸ ਵਿਚ ਤਿੰਨ ਜ਼ਬਰਦਸਤ ਦਾਅ ਸਨ। ਉਨ੍ਹਾਂ ਨੇ ਪਹਿਲਾਂ ਇਹ ਪੁੱਛਿਆ, ''ਤੁਸਾਂ ਕਿਹੜੀ ਸ਼ਕਤੀ ... ਨਾਲ ਇਹ ਕੰਮ ਕੀਤਾ?'' ''ਸ਼ਕਤੀ'' ਸ਼ਬਦ ਓਸੇ ਯੂਨਾਨੀ ਸ਼ਬਦ ਦਾ ਅਨੁਵਾਦ ਹੈ ਜਿਸ ਤੋਂ ''ਮੋਅਜਜ਼ਾ ਜਾਂ ਅਚੰਭਾ''[34] ਅਤੇ ਇਹਦਾ ਅਨੁਵਾਦ ''ਚਮਤਕਾਰੀ ਸ਼ਕਤੀ'' ਹੋ ਸਕਦਾ ਸੀ। ਮੂਸਾ ਦੀ ਸ਼ਰ੍ਹਾ ਮੁਤਾਬਕ ਜਾਦੂਗਰੀ ਦੀ ਸਜ਼ਾ ਮੌਤ ਸੀ। ਜੇ ਰਸੂਲਾਂ ਦੀ ਗੱਲ ਤੋਂ ਅਜਿਹਾ ਲਗਦਾ ਕਿ ਇਹ ਕੰਮ ਉਨ੍ਹਾਂ ਨੇ ਜਾਦੂ ਨਾਲ ਕੀਤਾ ਹੈ ਤਾਂ ਉਨ੍ਹਾਂ ਨੂੰ ਮੌਤ ਦੀ ਸਜ਼ਾ ਮਿਲ ਸਕਦੀ ਸੀ।

ਫਿਰ, ਸਭਾ ਨੇ ਪੁੱਛਿਆ, ''ਤੁਸਾਂ ... ਕਿਹੜੇ ਨਾਮ ਨਾਲ ਕੀਤਾ ਹੈ?'' ''ਨਾਮ'' ਨੂੰ ''ਇਖ਼ਤਿਆਰ''[35] ਦੀ ਥਾਂ ਵਰਤਿਆ ਗਿਆ ਹੈ। ਯਿਸੂ ਦੇ ਸਲੀਬ ਤੇ ਚੜ੍ਹਾਏ ਜਾਣ ਤੋਂ ਕੁਝ ਦਿਨ ਪਹਿਲਾਂ, ਇਸੇ ਆਦਮੀ ਨੇ ਉਹਦੇ ਕੋਲ ਆ ਕੇ ਪੁੱਛਿਆ ਸੀ, ''ਤੂੰ ਕਿਹੜੇ ਇਖ਼ਤਿਆਰ ਨਾਲ ਏਹ ਕੰਮ ਕਰਦਾ ਹੈਂ ਅਰ ਕਿਹ ਨੇ ਤੈਨੂੰ ਇਹ ਇਖ਼ਤਿਆਰ ਦਿੱਤਾ?'' (ਮੱਤੀ 21:23)। ਹੁਣ ਉਨ੍ਹਾਂ ਨੇ ਉਹੀ ਸਵਾਲ ਰਸੂਲਾਂ ਨੂੰ ਪੁੱਛਿਆ। ਦੋਹਾਂ ਹੀ ਮਾਮਲਿਆਂ ਵਿਚ, ਉਹ ਇਹ ਜਤਾ ਰਹੇ ਸਨ ਕਿ ''ਇਖ਼ਤਿਆਰ ਤਾਂ ਸਾਡੇ ਕੋਲ ਹੈ। *ਤੁਹਾਡੀ* ਹਿੰਮਤ ਕਿਵੇਂ ਹੋਈ ਕਿ ਅਜਿਹਾ ਕੁਝ ਕਰੋ ਜਿਸ ਨਾਲ ਇਹ ਲੱਗੇ ਕਿ ਤੁਹਾਡੇ ਕੋਲ ਇਖ਼ਤਿਆਰ ਹੈ।'' ਉਨ੍ਹਾਂ ਨੂੰ ਉਮੀਦ ਸੀ ਕਿ ਰਸੂਲ ਆਪਣੇ ਇਖ਼ਤਿਆਰ ਦੇ ਸਰੋਤ ਬਾਰੇ ਕੁਝ ਅਸਪਸ਼ਟ ਦੱਸਣਗੇ।

ਤੀਜਾ ਦਾਅ ਬਹੁਤ ਹੀ ਚਲਾਕੀ ਭਰਿਆ ਅਤੇ ਜ਼ਿਆਦਾ ਖ਼ਤਰਨਾਕ ਸੀ। ਪੰਜਾਬੀ ਦੇ ਅਨੁਵਾਦ ਵਿਚ ਗਲਤੀ ਲੱਗ ਸਕਦੀ ਹੈ। ਮੂਲ ਅਨੁਵਾਦ ਵਿਚ ਵਾਕ ਤੇ ਜ਼ਿਆਦਾ ਜ਼ੋਰ ਦੇਣ ਲਈ ''ਤੁਸੀਂ'' ਸ਼ਬਦ ਨੂੰ ਅਖ਼ੀਰ ਵਿਚ ਦਿੱਤਾ ਗਿਆ ਹੈ। ਵਾਕ ਨੂੰ ਪੜ੍ਹਦੇ ਸਮੇਂ ''ਤੁਸੀਂ'' ਸ਼ਬਦਤੇ ਜ਼ੋਰ ਦੇਣਾ ਚਾਹੀਦਾ ਹੈ: ''ਕਿਸ ਸ਼ਕਤੀ ਨਾਲ, ਅਰਥਾਤ ਕਿਸ ਨਾਮ ਨਾਲ, *ਤੁਸੀਂ* ਇਹ ਕੰਮ ਕੀਤਾ ਹੈ?'' ਦੂਜੇ ਸ਼ਬਦਾਂ ਵਿਚ, ''ਸਾਡੇ ਵੱਲ ਵੇਖੋ ਅਤੇ ਆਪਣੇ ਵੱਲ ਵੀ ਵੇਖੋ, *ਤੁਸੀਂ* ਆਪਣੇ ਆਪ ਨੂੰ ਸਮਝਦੇ ਕੀ ਹੋ ਕਿ ਸਾਡੇ ਇਖ਼ਤਿਆਰ ਨੂੰ ਚੁਣੌਤੀ ਦੇ ਸਕੋ?'' ਉਨ੍ਹਾਂ ਦੇ ਖ਼ਿਆਲ 'ਚ ਰਸੂਲ ''ਵਿਦਵਾਨ ਨਹੀਂ ਸਗੋਂ ਆਮ ਜਨਤਾ ਵਿੱਚੋਂ'' ਸਨ (ਆਇਤ 13)। ਪਤਰਸ ਅਤੇ ਯੂਹੰਨਾ ਤੋਂ ਪੁੱਛ ਗਿੱਛ ਕਰਦਿਆਂ ਉਨ੍ਹਾਂ ਦੇ ਸਵਾਲਾਂ ਵਿਚ ਕਪਟ ਸੀ। ਸਵਾਲ ਅਤੇ ਉਹਦੇ ਪੁੱਛਣ ਦਾ ਢੰਗ ਅਜਿਹਾ ਸੀ ਜਿਸ ਨਾਲ ਰਸੂਲਾਂ ਦਾ ਗੁੱਸਾ ਬਾਹਰ ਨਿਕਲ ਸਕੇ। ਅਧਿਕਾਰੀਆਂ ਦਾ ਧਿਆਨ ਕਹਾਉਤਾਂ ਦੀ ਉਸ ਗੱਲ ਵੱਲ

ਸੀ ''ਗੱਪਾਂ ਦੇ ਵਾਧੇ ਵਿਚ ਅਪਰਾਧ ਦੀ ਕਮੀ ਨਹੀਂ'' (ਕਹਾਉਤਾਂ 10:19)।

ਜਦ ਸ਼ੈਤਾਨ ਤੁਹਾਨੂੰ ਮੁਸ਼ਕਲ ਵਿਚ ਪਾ ਦਿੰਦਾ ਹੈ, ਤਾਂ ਉਹ ਚਾਹੁੰਦਾ ਹੈ ਕਿ ਤੁਸੀਂ ਉਹਦੀਆਂ ਉਂਗਲਾਂ ਤੇ ਨੱਚੋ। ਉਹ ਤੁਹਾਡੀ ਪ੍ਰਤੀਕ੍ਰਿਆ ਚਾਹੁੰਦਾ ਹੈ; ਉਹ ਚਾਹੁੰਦਾ ਹੈ ਕਿ ਤੁਸੀਂ ਬੁਰਾਈ ਦੇ ਬਦਲੇ ਬੁਰਾਈ ਹੀ ਕਰੋ। ਜੇ ਉਹ ਤੁਹਾਨੂੰ ਆਪਣੀਆਂ ਉਂਗਲਾਂ ਤੇ ਨਚਾਉਣ ਵਿਚ ਕਾਮਯਾਬ ਹੋ ਜਾਂਦਾ ਹੈ, ਤਾਂ ਜਿੱਤ ਓਸੇ ਦੀ ਹੈ!

ਜੇ ਮੈਂ ਉੱਥੇ ਖੜਾ ਹੁੰਦਾ ਅਤੇ ਮੇਰੀਆਂ ਭਾਵਨਾਵਾਂ ਦਬਾਈਆਂ ਅਤੇ ਕੁਚਲ ਦਿੱਤੀਆਂ ਜਾਂਦੀਆਂ ਤਾਂ ਸ਼ਾਇਦ ਮੈਂ ਉਸ ਸਭਾ ਦੇ ਹੱਥਾਂ ਦੀ ਕਠਪੁਤਲੀ ਬਣ ਜਾਂਦਾ ਅਤੇ ਗੁੱਸਾ ਮੇਰੀ ਜੀਭ ਤੇ ਕਾਬੂ ਪਾ ਲੈਂਦਾ। ਪਰ ਧਿਆਨ ਦਿਓ ਕਿ ਪਤਰਸ ਨੇ ਕਿਵੇਂ ਜਵਾਬ ਦਿੱਤਾ, ''ਤਦੋਂ ਪਤਰਸ ਨੇ ... ਉਨ੍ਹਾਂ ਨੂੰ ਆਖਿਆ, ਹੇ ਕੌਮ ਦੇ ਸਰਦਾਰੋ ਅਤੇ ਬਜ਼ੁਰਗੋ'' (ਆਇਤ 8)। ਉਸ ਸਭਾ ਨੂੰ ਸੰਬੋਧਿਤ ਕਰਨ ਲਈ ''ਸਰਦਾਰੋ ਅਤੇ ਬਜ਼ੁਰਗੋ'' ਸਨਮਾਨ ਭਰਿਆ ਵਿਹਾਰ ਸੀ। ਇਕ ਲੇਖਕ ਨੇ ਇਸ ਦਾ ਅਨੁਵਾਦ ''ਆਪਣੀ ਕੌਮ ਦੇ ਆਦਰ ਯੋਗ ਆਗੂਓ ਅਤੇ ਬਜ਼ੁਰਗੋ'' ਕੀਤਾ। ਆਪਣਾ ਪੱਖ ਰੱਖਦਿਆਂ ਪਤਰਸ ਨੇ ਹਲੀਮੀ ਨਾਲ ਗੱਲ ਕੀਤੀ! ''ਆਤਮਾ ਦੀ ਤਲਵਾਰ ਲੂਣ ਦੇ ਲੇਪ ਦੇ ਬਗੈਰ ਹੀ ਗਹਿਰਾਈ ਨਾਲ ਅਸਰ ਕਰ ਦੇਵੇਗੀ।'' ਸਾਨੂੰ ਸਭ ਨਾਲ ਹਲੀਮੀ ਨਾਲ ਪੇਸ਼ ਆਉਣਾ ਚਾਹੀਦਾ ਹੈ, ਇਸ ਲਈ ਨਹੀਂ ਕਿ *ਉਹ* ਉਹੋ ਜਿਹੇ ਹਨ ਜਿਹੋ ਜਿਹੇ ਉਨ੍ਹਾਂ ਨੂੰ ਹੋਣਾ ਚਾਹੀਦਾ ਸੀ, ਸਗੋਂ ਇਸ ਲਈ ਕਿ *ਅਸੀਂ* ਉਹ ਬਣਨ ਦੀ ਕੋਸ਼ਿਸ਼ ਕਰ ਰਹੇ ਹਾਂ ਜੋ ਸਾਨੂੰ ਬਣਨਾ ਚਾਹੀਦਾ ਹੈ!

ਅਗਲੀ ਵਾਰ ਜੇ ਸ਼ੈਤਾਨ ਤੁਹਾਨੂੰ ਮੁਸ਼ਕਲ ਵਿਚ ਪਾ ਦੇਵੇ ਤਾਂ ਹੋ ਸਕਦਾ ਹੈ ਕਿ ਤੁਹਾਨੂੰ ਵੀ ਆਪਣੇ ਦੁੱਖ ਦੇਣ ਵਾਲੇ ਵਾਂਗ ਹੀ ਚਿੜਚਿੜਾ ਅਤੇ ਨਫ਼ਰਤ ਭਰਿਆ ਹੋਣ ਦੀ ਚੁਣੌਤੀ ਦਿੱਤੀ ਜਾਵੇ। ਪਰ ਯਿਸੂ ਨੇ ਕਿਹਾ ਹੈ ਕਿ ਆਪਣੀ ਦੂਜੀ ਗੱਲ੍ਹ ਵੀ ਉਹਦੇ ਵੱਲ ਫੇਰ ਦਿਓ (ਮੱਤੀ 5:39)। ਸ਼ੈਤਾਨ ਤੁਹਾਨੂੰ ਆਪਣੇ ਹੱਥਾਂ ਦੀ ਕਠਪੁਤਲੀ ਬਣਾਉਣ ਵਿਚ ਕਾਮਯਾਬ ਨਾ ਹੋ ਜਾਵੇ।

## ਸਾਰ

ਅਗਲੇ ਪਾਠ ਵਿਚ ''ਜਦ ਸ਼ੈਤਾਨ ਮੁਸ਼ਕਲ ਵਿਚ ਪਾ ਦੇਵੇ'' ਤੇ ਇਹ ਅਧਿਐਨ ਜਾਰੀ ਰੱਖਾਂਗੇ ਪਰ ਹੁਣ ਆਓ ਥੋੜ੍ਹਾ ਰੁਕ ਕੇ ਆਪਣੇ ਆਪ ਨੂੰ ਜਾਂਚ ਲਈਏ: ''ਕੀ ਸ਼ੈਤਾਨ ਨੇ ਕਦੇ ਮੈਨੂੰ ਮੁਸ਼ਕਲ ਵਿਚ ਪਾਇਆ ਹੈ? ਜੇ ਪਾਇਆ ਹੈ ਤਾਂ ਮੈਂ ਕੀ ਕੀਤਾ?'' ਕੀ ਮੈਂ ਇਕ ਮਸੀਹੀ ਵਾਂਗ ਉਹਦਾ ਜਵਾਬ ਦਿੱਤਾ, ਜਾਂ ਮੈਂ ਸ਼ੈਤਾਨ ਵਾਂਗ ਹੀ ਕੰਮ ਕੀਤਾ? ਤੁਹਾਡਾ ਜੋ ਵੀ ਜਵਾਬ ਹੋਵੇ ਹੁਣ ਧਾਰ ਲਵੋ ਕਿ *ਅਗਲੀ* ਵਾਰੀ ਜਦ ਸ਼ੈਤਾਨ ਤੁਹਾਨੂੰ ਸਤਾਵੇ ਤਾਂ ਤੁਸੀਂ ਓਸੇ ਤਰ੍ਹਾਂ ਕੰਮ ਕਰੋਗੇ, ਜਿਵੇਂ ਖ਼ੁਦਾ ਤੋਂ ਮਦਦ ਲੈ ਕੇ ਕਰਨਾ ਜਾਹੀਦਾ ਹੈ।

## ਸਰਮਨ ਨੋਟਸ

''ਦ ਫ਼ਸਟ ਆਪੋਜ਼ਿਸ਼ਨ'' ਸਿਰਲੇਖ ਨਾਲ 4:1-31 ਤੇ ਰਿਚਰਡ ਰੋਜਰਸ ਦਾ ਇਕ ਸੰਦੇਸ਼ ਹੈ। ਇਸ ਦੇ ਚਾਰ ਮੁੱਖ ਭਾਗ ਹਨ: ਵਿਰੋਧ ਦਾ ਪ੍ਰਦਰਸ਼ਨ (4:1-7), ਵਿਰੋਧ ਦਾ ਸਾਹਮਣਾ (4:8-12), ਵਿਰੋਧ ਦੀ ਤੁਲਨਾ (4:13-22), ਵਿਰੋਧ ਘਟਣਾ (4:23-31)।

ਟਿੱਪਣੀਆਂ

[1]ਉਸ ਨੂੰ ਸਲੀਬ ਤੇ ਯਿਸੂ ਦੀ ਮੌਤ ਰਾਹੀਂ ਸੀਮਤ ਕਰ ਦਿੱਤਾ ਗਿਆ ਹੈ (ਪ੍ਰਕਾਸ਼ ਦੀ ਪੋਥੀ 12:11)। ਨਾ ਤਾਂ ਉਹ ਅਤੇ ਨਾ ਉਹਦੇ ਭੂਤ ਲੋਕਾਂ ਦੀ ਇੱਛਾ ਦੇ ਵਿਰੁੱਧ ਉਨ੍ਹਾਂ ਵਿਚ ਆ ਸਕਦੇ ਹਨ। ਜਿਵੇਂ ਉਹ ਨਵੇਂ ਨੇਮ ਦੇ ਸਮੇਂ ਵਿਚ ਕਰਦੇ ਸਨ, ਪਰ ਇਹਦਾ ਮਤਲਬ ਇਹ ਨਹੀਂ ਹੈ ਕਿ ਉਹ ਕੰਮ ਨਹੀਂ ਕਰ ਰਿਹਾ ਹੈ ਜਾਂ ਉਹਦੇ ਕੋਲ ਕੋਈ ਸ਼ਕਤੀ ਨਹੀਂ ਹੈ।[2]ਸਾਨੂੰ ਇਹ ਪਤਾ ਹੈ ਕਿਉਂਕਿ ਮਸੀਹ ਨਾਲ ਸਬੰਧਿਤ ਜ਼ਬੂਰ, ਜ਼ਬੂਰਾਂ ਦੀ ਪੋਥੀ2 ਨੂੰ ਪ੍ਰਕਾਸ਼ ਦੀ ਪੋਥੀ 12:5 ਵਿਚ ਉਹਦਾ ਜ਼ਿਕਰ ਕਰਨ ਲਈ ਵਰਤਿਆ ਗਿਆ ਹੈ। [3]ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਸ਼ੈਤਾਨ ਨਾਲ ਜੁੜੇ ਕੁਝ ਹਵਾਲਿਆਂ ਲਈ, ਵੇਖੋ, ਰਸੂਲਾਂ ਦੇ ਕੰਮ 5:3; 13:10; 26:18. [4]ਯਿਸੂ ਦੇ *ਨਾਮ* ਤੇ ਜ਼ੋਰ ਦੇਣ ਤੇ ਧਿਆਨ ਦਿਓ- ਇਹ ਜ਼ੋਰ ਅਸੀਂ ਆਪਣੇ ਪਿਛਲੇ ਪਾਠ ਵਿਚ ਦਿੱਤਾ ਸੀ ਜੋ ਕਿ ਇਸ ਪਾਠ ਵਿਚ ਵੀ ਰਹੇਗਾ। [5]ਪੂਰਾ ਹਵਾਲਾ ਲੂਕਾ 21:12-17 ਵਿਚ ਵੇਖੋ; ਮੱਤੀ 10:17, 18; ਯੂਹੰਨਾ 15:18-16:4 ਵੀ ਵੇਖੋ।[6]ਨਵੇਂ ਨੇਮ ਦੇ ਸਮੇਂ ਤਕ ਬਹੁਤ ਸਾਰੇ ਯਾਜਕ ਸਨ, ਜਿਨ੍ਹਾਂ ਨੂੰ ਯਾਜਕਾਈ ਦੇ ਕੰਮ ਨੂੰ ਕਰਨ ਦੀ ਲੋੜ ਨਹੀਂ ਸੀ। ਉਹ ਚੌਵ੍ਹੀ ਭਾਗਾਂ ਵਿਚ ਵੰਡੇ ਹੋਏ ਸਨ, ਜਿਨ੍ਹਾਂ ਵਿਚ ਹਰੇਕ ਨੂੰ ਹੈਕਲ ਵਿਚ ਹਫ਼ਤੇ ਵਿਚ ਇਕ ਵਾਰ ਵਾਸਤੇ ਦਿੱਤਾ ਜਾਂਦਾ ਸੀ (ਵੇਖੋ ਲੂਕਾ 1:8)। ਨਿਰੰਤਰਤਾ ਕਾਇਮ ਰੱਖਣ ਲਈ, ਕੁਝ ਯਾਜਕ ਹੈਕਲ ਦੀ ਬੰਦਗੀ ਦੇ ਹਰੇਕ ਕੰਮ ਨੂੰ ਵੇਖਣ ਲਈ ਠਹਿਰਾਏ ਜਾਂਦੇ ਸਨ। ਇਨ੍ਹਾਂ ਯਾਜਕਾਂ ਦਾ ਇਖ਼ਤਿਆਰ ''ਆਮ'' ਯਾਜਕਾਂ ਨਾਲੋਂ ਵੱਧ ਸੀ; ਇਸ ਕਰਕੇ ਇਨ੍ਹਾਂ ਨੂੰ ''ਪ੍ਰਧਾਨ ਯਾਜਕ'' ਕਿਹਾ ਜਾਂਦਾ ਸੀ। ਇਨ੍ਹਾਂ ਨਿਯੁਕਤੀਆਂ ਵਿਚ ਸਿਆਸਤ ਵੜ ਗਈ ਸੀ। [7]ਜਦ ਦਾਊਦ ਨੇ ਹੈਕਲ ਲਈ ਤਿਆਰੀ ਕਰ ਲਈ, ਤਾਂ ਉਹਨੇ ਕੁਝ ਖ਼ਾਸ ਲੇਵੀਆਂ ਨੂੰ ''ਦਰਬਾਨ'' ਨਿਯੁਕਤ ਕੀਤਾ (1 ਇਤਿਹਾਸ 26:1-19)। ਇਹਦਾ ਮਤਲਬ ਇਹ ਬਿਲਕੁਲ ਨਹੀਂ ਸੀ ਕਿ ਉਹ ਸਿਰਫ਼ ਦਰਵਾਜ਼ੇ ਹੀ ਖੋਲ੍ਹਦੇ ਅਤੇ ਬੰਦ ਕਰਦੇ ਸਨ। ਸਗੋਂ ਉਹ ਹੈਕਲ ਦੀ ''ਰਖਵਾਲੀ'' ਵੀ ਕਰਦੇ ਸਨ; ਸ਼ਾਂਤ ਅਤੇ ਸ਼ਰਧਾ ਭਾਵ ਵਾਲਾ ਮਹੌਲ ਬਣਾਈ ਰੱਖਣਾ ਉਨ੍ਹਾਂ ਦੀ ਜ਼ਿੰਮੇਵਾਰੀ ਸੀ। ਯਾਜਕ ''ਦਰਬਾਨਾਂ'' ਉੱਤੇ ''ਸਰਦਾਰ'' ਹੁੰਦਾ ਸੀ। ਇਹ ਉਹਦੀ ਜ਼ਿੰਮੇਵਾਰੀ ਹੁੰਦੀ ਸੀ ਕਿ ਦਿਨ ਦੇ ਸਮੇਂ ਅਤੇ ਰਾਤ ਦੇ ਸਮੇਂ ਵੱਖਰੇ-ਵੱਖਰੇ ਦਰਵਾਜ਼ਿਆਂ ਤੇ ਸੰਤਰੀ ਠਹਿਰਾਏ। ਲੂਕਾ 22:4, 52 ''ਹੈਕਲ ਦੇ ਸਰਦਾਰਾਂ ਅਤੇ ਬਜ਼ੁਰਗਾਂ (ਬਹੁਵਚਨ)'' ਦੀ ਗੱਲ ਕਰਦਾ ਹੈ। (ਲੂਕਾ 22:4, 52 ਵਿਚ ਉਸੇ ਯੂਨਾਨੀ ਸ਼ਬਦ ਦੀ ਵਰਤੋਂ ਹੋਈ ਹੈ ਜਿਹਦੀ ਰਸੂਲਾਂ ਦੇ ਕੰਮ 4:1 ਵਿਚ), ਜਿਸ ਤੋਂ ਇਹ ਪਤਾ ਲਗਦਾ ਹੈ ਕਿ ਉਹ ਸ਼ਿਫਟਾਂ ਵਿਚ ਕੰਮ ਕਰਦੇ ਸਨ, ਜਾਂ ਹੈਕਲ ਵਿਚ ਦੂਜੀਆਂ ਡਿਊਟੀਆਂ ਵਾਂਗ ਇਹ ਡਿਊਟੀ ਵੀ ਬਦਲਦੀ ਰਹਿੰਦੀ ਸੀ। ਫੇਰ ਇਨ੍ਹਾਂ ਨਿਯੁਕਤੀਆਂ ਵਿਚ ਸਿਆਸੀ ਦਖ਼ਲਅੰਦਾਜ਼ੀ ਸੀ। ਹੈਕਲ ਰਾਜਨੀਤਕ ਭ੍ਰਿਸ਼ਟਾਚਾਰ ਦਾ ਇਕ ਅੱਡਾ ਬਣ ਚੁੱਕੀ ਸੀ।[8]ਅਰਥਾਵਲੀ ਵਿਚ ਵੇਖੋ ''ਸਦੂਕੀ।'' ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਸ਼ੁਰੂ ਵਿਚ ਚੇਲਿਆਂ ਦਾ ਵਿਰੋਧ ਕਰਨ ਵਿਚ ਫ਼ਰੀਸੀਆਂ ਨੇ ਨਹੀਂ ਸਗੋਂ ਸਦੂਕੀਆਂ ਨੇ ਅਗਵਾਈ ਕੀਤੀ ਸੀ। ਯਿਸੂ ਦੇ ਜ਼ਿਆਦਾਤਰ ਝਗੜੇ ਸਦੂਕੀਆਂ ਨਾਲ ਨਹੀਂ ਸਗੋਂ ਫ਼ਰੀਸੀਆਂ ਨਾਲ ਹੁੰਦੇ ਸਨ। ਪਰ ਰਸੂਲਾਂ ਦਾ ਸ਼ੁਰੂਆਤੀ ਪ੍ਰਚਾਰ ਜੀ ਉੱਠਣ ਤੇ ਕੇਂਦਰਿਤ ਸੀ। ਫ਼ਰੀਸੀ ਮੁਰਦਿਆਂ ਵਿੱਚੋਂ ਜੀ ਉੱਠਣ ਵਿਚ ਯਕੀਨ ਰੱਖਦੇ ਸਨ, ਸਦੂਕੀ ਨਹੀਂ (23:6-8) ਇਸ ਲਈ ਕੁਦਰਤੀ ਹੀ ਸੀ ਕਿ ਸ਼ੁਰੂ ਵਿਚ ਸਭ ਤੋਂ ਵੱਧ ਪਰੇਸ਼ਾਨੀ ਸਦੂਕੀਆਂ ਨੂੰ ਹੀ ਹੋਈ।[9]ਉਨ੍ਹਾਂ ਨੇ ਉਹੀ ਧਮਕੀ ਦਿੱਤੀ ਜਿਹੜੀ ਯਿਸੂ ਨੂੰ ਦਿੱਤੀ ਸੀ (ਵੇਖੋ ਯੂਹੰਨਾ 11:45-53)। [10]ਰਸੂਲਾਂ ਰਾਹੀਂ ਯਿਸੂ ਦੇ ਜੀ ਉੱਠਣ ਦੀ ਗੱਲ ਕਰਨ ਸਮੇਂ ਸ਼ਬਦ ਆਮ ਤੌਰ ਤੇ ਨਿੱਜੀ ਅਤੇ ਸਪਸ਼ਟ ਸਨ: ''ਜਿਹਨੂੰ ਪ੍ਰਮੇਸ਼ਵਰ ਨੇ ਮੁਰਦਿਆਂ ਵਿੱਚੋਂ ਜਿਵਾਲਿਆ'' (3:15)। ਗੈਰ ਨਿੱਜੀ ਅਤੇ ਆਤਮ ਸ਼ਬਦਾਂ ''ਮੁਰਦਿਆਂ ਦੇ ਜੀ ਉੱਠਣ'' ਨਾਲ ਬਹੁਤ ਸਾਰੇ ਟੀਕਾਕਾਰਾਂ ਅਤੇ ਅਨੁਵਾਦਕਾਂ ਨੇ ਇਹ ਨਿਚੋੜ ਕੱਢਿਆ ਹੈ ਕਿ ਰਸੂਲ ਯਿਸੂ ਦੇ ਸਰੀਰਕ ਜੀ ਉੱਠਣ ਨਾਲ ਮੁੜ ਕੇ ਆਮ ਸਰੀਰਕ ਜੀ ਉੱਠਣ ਦੇ ਵਾਅਦੇ ਵੱਲ ਹੋ ਗਏ (1 ਕੁਰਿੰਥੀਆਂ 15:20-29)। ਦ ਨਿਊ ਸੈਂਚੁਰੀ ਵਰਜ਼ਨ ਵਿਚ ਇਸ ਨੂੰ ''ਪ੍ਰਚਾਰ ਕਰ ਰਹੇ ਸਨ ਕਿ ਲੋਕ ਯਿਸੂ ਦੀ ਸ਼ਕਤੀ ਨਾਲ ਮੁਰਦਿਆਂ ਵਿੱਚੋਂ ਜੀ ਉੱਠਣਗੇ'' ਅਨੁਵਾਦ ਕੀਤਾ ਗਿਆ ਹੈ। ਸੀ. ਐਚ. ਰਿਊ ਦੇ ਅਨੁਵਾਦ ਵਿਚ ''ਯਿਸੂ ਦੀ ਘਟਨਾ ਦਾ ਹਵਾਲਾ ਦੇ ਕੇ ਮੁਰਦਿਆਂ ਦੇ ਜੀ ਉੱਠਣ ਦੀ ਸਿੱਖਿਆ ਨੂੰ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੇ'' ਹਨ।


[11]ਯਿਸੂ ਦੀ ਮੌਤ ਤੋਂ ਕੁਝ ਦਿਨ ਪਹਿਲਾਂ ਹੀ ਇਸ ਵਿਸ਼ੇ ਤੇ ਉਨ੍ਹਾਂ ਨੇ ਉਹਦਾ ਮੁਕਾਬਲਾ ਕੀਤਾ ਸੀ (ਮੱਤੀ 22:23-33)। [12]ਅਮਰੀਕਾ ਵਿਚ ਰਹਿਣ ਵਾਲੇ ਲੋਕ ਜੋ ''ਬਾਈਬਲ ਬੈਲਟ'' ਵਿਚ ਰਹਿੰਦੇ ਹਨ, ਸੁਰੱਖਿਅਤ ਹਨ। ਕਈਆਂ ਨੇ ਪ੍ਰਮੇਸ਼ਵਰ ਦੇ ਵਚਨ ਦਾ ਮਜ਼ਾਕ ਉੱਡਦਿਆਂ ਕਦੇ ਨਹੀਂ ਸੁਣਿਆ। ਪਰ ਪੂਰੀ ਦੁਨੀਆਂ ਲਈ ਇਹ ਨਿਯਮ ਨਾ ਹੋ ਕੇ ਇਕ ਅਪਵਾਦ ਹੀ ਹੈ। [13]ਸ਼ਾਇਦ ਇਹ ਹੈਕਲ ਦੇ ਅਹਾਤੇ ਵਿਚ ਇਕ ਕਮਰਾ ਸੀ। [14]ਪਤਰਸ ਦਾ ਸੰਦੇਸ਼ ਸ਼ਾਮ ਦੇ ਤਿੰਨ ਵਜੇ ਦੁਪਹਿਰ ਬਾਅਦ ਦੇ ਨੇੜੇ ਤੇੜੇ ਸ਼ੁਰੂ ਹੋਇਆ ਅਤੇ ਇਸ ਵਿਚ ਰੁਕਾਵਟ ਉਦੋਂ ਪਈ ਜਦ ਸ਼ਾਮ ਹੋ ਚੁੱਕੀ ਸੀ (ਕਰੀਬ 6 ਵਜੇ ਸ਼ਾਮ)। ਇਹ ਇਕ ਹੋਰ ਸਬੂਤ ਹੈ ਕਿ ਲੂਕਾ ਨੇ ਰਸੂਲਾਂ ਦੇ ਕੰਮ ਵਿਚ ਉਪਦੇਸ਼ਾਂ ਦਾ ਸੰਖੇਪ ਰੂਪ ਦਿੱਤਾ। [15]ਯਿਰਮਿਯਾਹ 21:12 ਵਿਚ ਕਿਹਾ ਗਿਆ ਹੈ ਕਿ ਨਿਆਂ ਹਰ ''ਸਵੇਰ ਦੇ ਵੇਲੇ'' ਹੋਣਾ

ਜ਼ਰੂਰੀ ਸੀ। ਯਹੂਦੀਆਂ ਦਾ ਇਕ ਅਸੂਲ ਸੀ ਕਿ ਜ਼ਿੰਦਗੀ ਅਤੇ ਮੌਤ ਦੇ ਮਾਮਲਿਆਂ ਦੀ ਸੁਣਵਾਈ ਰਾਤ ਦੇ ਸਮੇਂ ਨਹੀਂ ਹੋ ਸਕਦੀ ਸੀ-ਯਿਸੂ ਦੇ ਸਬੰਧ ਵਿਚ ਇਸ ਅਸੂਲ ਦੀਆਂ ਧੱਜੀਆਂ ਉਡਾ ਦਿੱਤੀਆਂ ਗਈਆਂ (ਅਸੂਲਾਂ ਦਾ ਪਾਲਣ ਉਹ ਲੋਕ ਉਦੋਂ ਹੀ ਕਰਦੇ ਸਨ ਜਦ ਉਨ੍ਹਾਂ ਦੇ ਆਪਣੇ ਹਿੱਤਾਂ ਦੀ ਪੂਰਤੀ ਹੁੰਦੀ)। [16]''ਹੱਥ ਖੜੇ ਕਰਨਾ'' ਦਾ ਮਤਲਬ ਹੈ ''ਛੱਡਣ ਲਈ ਤਿਆਰ ਹੋਣਾ।'' [17]''ਨਿਹਚਾ'' ਨੂੰ ਵਿਆਪਕ ਅਰਥ ਵਿਚ ਵਰਤਦਿਆਂ ''ਆਗਿਆਕਾਰਤਾ'' ਦੀ ਥਾਂ ਵਰਤਿਆ ਜਾ ਸਕਦਾ ਹੈ। ਉਦਾਹਰਣ ਲਈ, ਯੂਹੰਨਾ 3:36 ਵਿਚ ਲਿਖਿਆ ਹੈ, ''ਜਿਹੜਾ ਪੁੱਤਰ ਉੱਤੇ *ਨਿਹਚਾ* ਕਰਦਾ ਹੈ ਸਦੀਪਕ ਜੀਉਣ ਉਸ ਦਾ ਹੈ ਪਰ ਜੋ ਪੁੱਤਰ ਨੂੰ ਨਹੀਂ *ਮੰਨਦਾ* ਉਹ ਜੀਉਣ ਨੂੰ ਨਾ ਵੇਖੇਗਾ ਸਗੋਂ ਪ੍ਰਮੇਸ਼ਵਰ ਦਾ ਕ੍ਰੋਧ ਉਸ ਉੱਤੇ ਰਹਿੰਦਾ ਹੈ।'' ਇੱਥੇ ਦੋ ਫ਼ਰਕ ਯੂਨਾਨੀ ਸ਼ਬਦ ਵਰਤੇ ਗਏ ਹਨ। [18]ਮੈਂ ਇਨ੍ਹਾਂ ਨੂੰ ''ਬ੍ਰਿਜ ਕਨਵਰਸ਼ਨ'' ਕਹਿੰਦਾ ਹਾਂ। ਇਹਦੇ ਬਾਰੇ ਮੈਂ ਬਾਅਦ ਵਿਚ ਵਿਸਤਾਰ ਨਾਲ ਗੱਲ ਕਰਾਂਗਾ। [19]ਕਿਉਂਕਿ ਸਾਡੇ ਕੋਲ ਵਚਨ ਦਾ ਸਿਰਫ਼ ਸੰਖੇਪ ਰੂਪ ਹੈ, ਇਸ ਲਈ ਹੋ ਸਕਦਾ ਹੈ ਕਿ ਪਤਰਸ ਨੇ ਉਨ੍ਹਾਂ ਨੂੰ ਬਪਤਿਸਮਾ ਲੈਣ ਲਈ ਕਿਹਾ ਹੋਵੇ, ਪਰ ਲਿਖਤ ਸੰਦੇਸ਼ ਵਿਚ, ਉਸ ਦੇ ਅਜਿਹਾ ਕਹਿਣ ਦੀ ਗੱਲ ਨਹੀਂ ਹੈ। [20]ਦੂਜੇ ਸ਼ਬਦਾਂ ਵਿਚ, *ਐਂਥਰੋਪਾਸ* ਦਾ ਅਰਥ ''ਮਨੁੱਖ ਜਾਤੀ'' ਹੈ।

[21]ਮੈਂ ਨਹੀਂ ਕਹਿੰਦਾ ਕਿ ਪਤਰਸ ਦੇ ਪਹਿਲੇ ਸੰਦੇਸ਼ ਕਾਰਣ ਤਿੰਨ ਹਜ਼ਾਰ ਬਪਤਿਸਮੇ ਹੋ ਗਏ, ਜਦ ਕਿ ਉਹਦੇ ਦੂਜੇ ਸੰਦੇਸ਼ ਕਾਰਣ ਦੋ ਹਜ਼ਾਰ ਹੋਰ ਹੋ ਗਏ। ਕਿਉਂਕਿ 2:41 ਵਾਲੇ ਤਿੰਨ ਹਜ਼ਾਰ ਲੋਕਾਂ ਵਿਚ ਪੁਰਖ ਅਤੇ ਔਰਤਾਂ ਵੀ ਹੋਣਗੀਆਂ ਅਤੇ ਪੰਜ ਹਜ਼ਾਰ ਸਿਰਫ਼ ਪੁਰਖ ਹੀ ਸਨ, ਇਸ ਲਈ ਇਹ ਵਾਅਦਾ ਦੋ ਹਜ਼ਾਰ ਤੋਂ ਕਿਤੇ ਵੱਧ ਹੋਵੇਗਾ। ਅਸੀਂ ਯਕੀਨ ਨਾਲ ਕੁਝ ਵੀ ਕਹਿਣ ਦੀ ਹਾਲਤ ਵਿਚ ਨਹੀਂ ਹਾਂ ਕਿ ਪਤਰਸ ਦੇ ਦੂਜੇ ਲਿਖਤ ਸੰਦੇਸ਼ ਨਾਲ ਕਿੰਨੇ ਲੋਕਾਂ ਨੇ ਬਪਤਿਸਮਾ ਲਿਆ, ਪਰ ਲੂਕਾ ਦੀ ਗੱਲ ਦਾ ਮਕਸਦ ਯਕੀਨਨ ਹੀ ਸਾਨੂੰ ਇਹ ਸੰਕੇਤ ਦੇਣਾ ਹੈ ਕਿ ਯਹੂਦੀ ਆਗੂਆਂ ਦੀਆਂ ਕਰਤੂਤਾਂ ਦੇ *ਬਾਵਜੂਦ* ਪਤਰਸ ਦੇ ਸੰਦੇਸ਼ ਦਾ ਅਜੇ ਵੀ ਜ਼ਬਰਦਸਤ ਅਸਰ ਸੀ ਅਤੇ ਇਸ ਦੇ ਕਾਰਣ ਬਹੁਤ ਸਾਰੇ ਲੋਕ ਮਸੀਹੀ ਬਣ ਰਹੇ ਸਨ। ਉਹਦੇ ਨਾਲ, ਸਾਨੂੰ ਸੰਤੁਸ਼ਟ ਹੋਣਾ ਚਾਹੀਦਾ ਹੈ। [22]ਕਿਉਂਕਿ ਅੱਜ ਬਹੁਤ ਸਾਰੀਆਂ ਕਲੀਸੀਆਵਾਂ ਵਿਚ ਔਰਤਾਂ ਦੀ ਗਿਣਤੀ ਆਦਮੀਆਂ ਨਾਲੋਂ ਕਿਤੇ ਵੱਧ ਹੁੰਦੀ ਹੈ ਇਸ ਲਈ ਅਸੀਂ ਕੁਲ ਗਿਣਤੀ ਨੂੰ 15,000-20,000 ਤਕ ਕਾਇਮ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਪਰ ਇਹ ਕਲੀਸੀਆ ਦੇ ਇਤਿਹਾਸ ਦੀ ਸ਼ੁਰੂਆਤ ਸੀ ਅਤੇ ਪੂਰੀ ਤਰ੍ਹਾਂ ਨਾਲ ਪੁਰਖ ਪ੍ਰਧਾਨਤਾ ਦੇ ਸਾਲ ਬੀਤਣ ਵਾਲੇ ਸਨ। ਇਸ ਅਰੰਭਕ ਕਲੀਸੀਆ ਵਿਚ ਅਜਿਹਾ ਨਹੀਂ ਸੀ ਕਿ ਜ਼ਿਆਦਾਤਰ ਔਰਤਾਂ ਆਪਣੇ ਪਤੀਆਂ ਦੇ ਮਸੀਹੀ ਬਣਨ ਤੋਂ ਪਹਿਲਾਂ ਮਸੀਹੀ ਬਣੀਆਂ ਹੋਣ। ਸਮਾਂ ਬੀਤਣ ਤੇ ਇਹ ਬਦਲਾਅ ਵੀ ਆਇਆ (1 ਪਤਰਸ 3:1, 2)। [23]4:15 ਵਿਚ ਅਨੁਵਾਦਤ ਸ਼ਬਦ ''ਸਭਾ'' ਲਈ ਯੂਨਾਨੀ ਸ਼ਬਦ ਸੁਨੇਦ੍ਰਿਓਨ ਹੈ। ਅਰਥਾਵਲੀ ਵਿਚ ਵੇਖੋ ''ਮਹਾਸਭਾ।'' [24]ਭਾਰਤ ਵਿਚ ਸੰਸਦ ਅਤੇ ਸੁਪਰੀਮ ਕੋਰਟ ਸਰਕਾਰ ਦੀਆਂ ਅਤੇ ਕਾਨੂੰਨੀ ਸ਼ਾਖਾਵਾਂ ਦੇ ਭਾਗ ਹਨ। [25]ਇਹ ਕਿਸੇ ਨੂੰ ਉਹਦੇ ਅਹੁਦੇ ਤੇ ਨਾ ਰਹਿਣ ਦੇ ਬਾਵਜੂਦ ''ਰਾਸ਼ਟਰਪਤੀ'' ਕਹਿਣ ਵਾਂਗ ਹੈ। ਜਾਂ ਕਿਸੇ ਰਿਟਾਇਰ ਅਧਿਕਾਰੀ ਵੱਲੋਂ ਆਪਣੇ ਫ਼ੌਜੀ ਅਹੁਦੇ ਦੀ ਵਰਤੋਂ ਕਰਨ ਵਾਂਗ ਹੈ। [26]ਵੇਖੋ ਲੂਕਾ 3:2. ਇਸ ਆਦਮੀ ਵੱਲੋਂ ਵਰਤੋਂ ਵਿਚ ਲਿਆਂਦੀ ਸ਼ਕਤੀ ਇਸ ਵਿਚ ਵੇਖੀ ਜਾਂਦੀ ਹੈ ਕਿ ਯਿਸੂ ਨੂੰ ਗ੍ਰਿਫ਼ਤਾਰ ਕਰ ਕੇ ਉਹ ''ਪਹਿਲਾਂ ਉਹਨੂੰ ਅੰਨਾਸ ਕੋਲ ਲੈ ਗਏ'' (ਯੂਹੰਨਾ 18:13)। [27]ਕੁਝ ਪੁਰਾਤਨ ਹੱਥਲਿਖਤਾਂ ਵਿਚ ''ਯੂਹੰਨਾ'' ਦੀ ਬਜਾਏ ''ਯੋਨਾਥਨ'' ਮਿਲਦਾ ਹੈ। ਯੋਨਾਥਨ ਹੰਨਾ (ਅੰਨਾਸ) ਦਾ ਇਕ ਪੁੱਤਰ ਸੀ, ਜੋ ਬਾਅਦ ਵਿਚ ਮਹਾਯਾਜਕ ਬਣਿਆ। [28]ਰਸੂਲਾਂ ਦੇ ਸਮੇਂ ਤਕ, ਯਹੂਦੀ ਯਾਜਕਾਈ ਦਾ ਪੂਰਾ ਪ੍ਰਬੰਧ ਭ੍ਰਿਸ਼ਟਾਚਾਰ ਵਿਚ ਫ਼ਸ ਚੁੱਕਿਆ ਸੀ। ਸ਼ਰ੍ਹਾ ਵਿਚ ਮਹਾਯਾਜਕ ਦੀ ਅਧਿਕਾਰਿਕ ਨਿਯੁਕਤੀ ਦੇ ਥਾਂ ਤੇ, ਇਸ ਅਹੁਦੇ ਦੀ ਖਾਹਸ਼ ਸ਼ਕਤੀ ਪਾਉਣ ਲਈ ਕੀਤੀ ਜਾਂਦੀ ਸੀ; ਮਹਾਯਾਜਕ ਆਏ ਅਤੇ ਚਲੇ ਗਏ। ਅਜੇ ਵੀ ਮਹਾਯਾਜਕ ਗਿਣਤੀ ਦੇ ਪਰਿਵਾਰਾਂ ਵਿੱਚੋਂ ਹੀ ਹੁੰਦੇ ਸਨ। ਉਹ ਸ਼ਕਤੀਸ਼ਾਲੀ ਅਤੇ ਰਸੂਖਵਾਲੇ ਪਰਿਵਾਰ ''ਮਹਾਯਾਜਕਾਂ ਦੇ ਵੰਸ਼'' ਦੇ ਹੀ ਸਨ। [29]ਰਵਾਇਤ ਮੁਤਾਬਕ, ਮਹਾਸਭਾ (ਸਨਹੇਦ੍ਰਿਨ) ਵਿਚ ਸੱਤਰ ਮੈਂਬਰ ਹੁੰਦੇ ਸਨ। ਇਹਦੇ ਇਲਾਵਾ ਇਕ ਮਹਾਯਾਜਕ ਹੁੰਦਾ ਸੀ। [30]ਯਾਦ ਰੱਖੋ ਕਿ ਮਹਾਯਾਜਕ ਦੇ ਪਰਿਵਾਰ ਦੇ ''ਜਿੰਨੇ'' ਵੀ ਲੋਕ ਸਨ ਸਭ ਉੱਥੇ ਮੌਜੂਦ ਸਨ। ਅਤੇ ਜੱਜਾਂ ਦੇ ਆਲੇ ਦੁਆਲੇ ਹੋਰ ਲੋਕ, ਖ਼ਾਸ ਕਰਕੇ ਜੁਆਨ ਸਨ, ਜੋ ''ਸਲਾਹਕਾਰ ਮੰਡਲੀ'' ਦੇ ਰੂਪ ਵਿਚ ਕੰਮ ਕਰਦੇ ਸਨ। ਇਹ ਲੋਕ ਅਸਲ 'ਚ, 'ਸਿਖਲਾਈ ਲੈ ਰਹੇ ਜੱਜ'' ਸਨ।

[31]ਆਇਤ 14. ਸ਼ਾਇਦ ਉਹਨੂੰ ਅਦਾਲਤ ਵਿਚ ਹਾਜ਼ਰ ਹੋਣ ਦਾ ਹੁਕਮ ਮਿਲਿਆ ਸੀ, ਪਰ ਅਜਿਹਾ ਲਗਦਾ ਨਹੀਂ ਹੈ। ਸ਼ਾਇਦ ਇਹ ਇਕ ਆਮ ਸੁਣਵਾਈ ਸੀ ਜਿਸ ਵਿਚ ਕੋਈ ਵੀ ਆ ਸਕਦਾ ਸੀ ਅਤੇ ਉਹ ਉਨ੍ਹਾਂ ਦੇ ਨਾਲ ਆਇਆ ਜਿਸ ਨੇ ਉਹਨੂੰ ਚੰਗਾ ਕੀਤਾ ਸੀ। ਹੋ ਸਕਦਾ ਹੈ ਕਿ ਉਹਨੇ ਗੁਪਤ ਸੁਣਵਾਈ ਲਈ ਦਬਾਅ ਪਾਇਆ ਹੋਵੇ। ਕੋਈ ਵੀ ਵਿਆਖਿਆ ਪੂਰੀ ਤਰ੍ਹਾਂ ਨਾਲ ਸੰਤੋਸ਼ਜਨਕ ਨਹੀਂ ਹੈ ਅਤੇ ਲੂਕਾ ਨੇ ਇਸ ਨੂੰ ਸਾਨੂੰ ਦੱਸਣ ਦੀ ਲੋੜ ਨਹੀਂ ਸਮਝੀ। ਅਹਿਮ ਗੱਲ ਇਹ ਹੈ ਕਿ ਉਹ ਉੱਥੇ ਹੀ *ਸੀ,* ਜਿਸ ਕਰਕੇ ਅਦਾਲਤ ਮੁਸ਼ਕਲ ਵਿਚ ਪੈ ਗਈ

(ਆਇਤ 14)। [32]ਸਦੂਕੀ ‘‘ਚਿੜ ਗਏ ਭਈ ਉਹ ਲੋਕਾਂ ਨੂੰ … ਯਿਸੂ ਦਾ ਪ੍ਰਮਾਣ ਦੇ ਕੇ ਮੁਰਦਿਆਂ ਦੇ ਜੀ ਉੱਠਣ ਦਾ ਪ੍ਰਚਾਰ ਕਰਦੇ ਸਨ’’ (ਆਇਤਾਂ 1, 2), ਪਰ ਉਹ ਪਤਰਸ ਅਤੇ ਯੂਹੰਨਾ ਤੇ ਝੂਠੀ ਸਿੱਖਿਆ ਦੇਣ ਦਾ ਇਲਜ਼ਾਮ ਨਹੀਂ ਲਾ ਸਕੇ, ਕਿਉਂਕਿ *ਫਰੀਸੀ* ਸਰੀਰ ਦੇ ਜੀ ਉੱਠਣ ਵਿਚ ਵਿਸ਼ਵਾਸ ਰੱਖਦੇ ਸਨ ਅਤੇ ਉਨ੍ਹਾਂ ਵਿੱਚੋਂ ਕੁਝ ਸ਼ਕਤੀਸ਼ਾਲੀ ਫਰੀਸੀ ਮਹਾਂਸਭਾ ਦੇ ਮੈਂਬਰ ਸਨ (ਵੇਖੋ 5:34)। [33]ਆਖ਼ਰੀ ਦੋ ਲਾਈਨਾਂ ਰਿਚਰਡ ਰੋਜਰਸ ਦੇ ਸਰਮਨ ‘‘ਦ ਫ਼ਸਟ ਆਪੋਜ਼ਿਸ਼ਨ’’ ਤੋਂ ਲਈਆਂ ਗਈਆਂ ਹਨ। ਇਹ ਉਪਦੇਸ਼ ਸੰਨਸੇਟ ਚਰਚ ਆਫ਼ ਕ੍ਰਾਈਸਟ, ਲੱਬਾਕ, ਟੈਕਸਸ (ਮਿਤੀ ਰਹਿਤ) ਵਿਚ ਸੁਣਾਇਆ ਗਿਆ। [34]ਰਸੂਲਾਂ ਦੇ ਕੰਮ 2:22 ਦੇ ਨੋਟਸ ਵਿਚ ‘‘ਮੋਅਜਜ਼ਾ’’ ਸ਼ਬਦ ਤੇ ਵਿਆਖਿਆ ਵੇਖੋ। [35]ਜੇਮਸ ਮੌਫ਼ੱਟ ਚਾਰਲਸ ਬੀ. ਵਿਲਿਅਮਜ਼, ਸੀ. ਐਚ. ਰਿਓ ਅਤੇ ਐਡਗਰਡ ਜੇ ਗੁੰਡਸਪੀਡ ਸਮੇਤ ਬਹੁਤ ਸਾਰੇ ਅਨੁਵਾਦਕ ਇਹ ਮੰਨਦੇ ਹਨ, ਪਿਛਲੇ ਪਾਠ ਦੇ ਸ਼ੁਰੂ ਵਿਚ ਨਾਮ ਦੀ ਧਾਰਣਾ ਤੇ ਚਰਚਾ ਵੇਖੋ।




ਹੈਕਲ ਦਾ ਰੇਖਾਚਿੱਤਰ